# 8B
# ਮੋਟਰ ਨਿਊਰੋਨ ਬਿਮਾਰੀ (MND) ਲਈ ਵੈਂਟੀਲੇਸ਼ਨ

ਮੋਟਰ ਨਿਊਰੋਨ ਬਿਮਾਰੀ (MND) ਵਾਲੇ ਲੋਕਾਂ ਅਤੇ ਉਨ੍ਹਾਂ ਦੇ ਦੇਖਭਾਲਕਰਤਾਵਾਂ ਲਈ ਜਾਣਕਾਰੀ

ਜੇਕਰ MND ਤੁਹਾਡੇ ਸਾਹ ਨੂੰ ਪ੍ਰਭਾਵਿਤ ਕਰਦੀ ਹੈ, ਤਾਂ ਤੁਸੀਂ ਸਾਹ ਲੈਣ ਵਿੱਚ ਆਸਾਨੀ ਨਾਲ ਮਦਦ ਕਰਨ ਲਈ ਇੱਕ ਸਹਾਇਕ ਵੈਂਟੀਲੇਸ਼ਨ ਮਸ਼ੀਨ ਤੋਂ ਸਹਾਇਤਾ ਪ੍ਰਾਪਤ ਕਰ ਸਕਦੇ ਹੋ। ਇਹ ਜਾਣਕਾਰੀ ਸ਼ੀਟ ਵੈਂਟੀਲੇਸ਼ਨ ਦੇ ਵਿਕਲਪਾਂ ਅਤੇ ਉਹ ਕਿਵੇਂ ਮਦਦ ਕਰ ਸਕਦੇ ਹਨ, ਬਾਰੇ ਦੱਸਦੀ ਹੈ। ਸਮੱਗਰੀ ਵਿੱਚ ਇਹ ਸ਼ਾਮਲ ਹੈ:


1. **ਸਹਾਇਕ ਵੈਂਟੀਲੇਸ਼ਨ ਕੀ ਹੈ ਅਤੇ ਇਹ ਕਿਵੇਂ ਮਦਦ ਕਰ ਸਕਦੀ ਹੈ?**
2. **ਸਹਾਇਕ ਵੈਂਟੀਲੇਸ਼ਨ ਕੀ ਹੈ ਅਤੇ ਇਹ ਕਿਵੇਂ ਮਦਦ ਕਰ ਸਕਦੀ ਹੈ?**
3. **ਮੈਨੂੰ ਗੈਰ-ਦਾਖਲਾਕਾਰੀ ਵੈਂਟੀਲੇਸ਼ਨ ਬਾਰੇ ਕੀ ਜਾਣਨ ਦੀ ਜ਼ਰੂਰਤ ਹੈ?**
4. **ਮੈਨੂੰ ਟ੍ਰੈਕੀਓਸਟੋਮੀ ਵੈਂਟੀਲੇਸ਼ਨ ਬਾਰੇ ਕੀ ਜਾਣਨ ਦੀ ਜ਼ਰੂਰਤ ਹੈ?**
5. **ਮੈਂ ਆਪਣੇ ਵੈਂਟੀਲੇਸ਼ਨ ਉਪਕਰਣਾਂ ਦੀ ਦੇਖਭਾਲ ਕਿਵੇਂ ਕਰਾਂ?**
6. **ਮੈਨੂੰ ਵੈਂਟੀਲੇਸ਼ਨ ਹਟਾਏ ਜਾਣ ਬਾਰੇ ਕੀ ਜਾਣਨ ਦੀ ਜ਼ਰੂਰਤ ਹੈ?**
7. **ਮੈਂ ਹੋਰ ਕਿਵੇਂ ਜਾਣ ਸਕਦਾ/ਦੀ ਹਾਂ?**

ਇਹ ਸਰੋਤ ਜਾਣਕਾਰੀ ਦਾ ਅਨੁਵਾਦਿਤ ਸੰਸਕਰਣ ਹੈ। MND Association ਨਾਮਵਰ ਅਨੁਵਾਦ ਸੇਵਾਵਾਂ ਦੀ ਵਰਤੋਂ ਕਰਦੀ ਹੈ, ਪਰ ਅਨੁਵਾਦ ਵਿੱਚ ਕਿਸੇ ਵੀ ਤਰੁੱਟੀ ਲਈ ਜ਼ਿੰਮੇਵਾਰੀ ਨਹੀਂ ਲੈ ਸਕਦੀ।

ਇਲਾਜ ਅਤੇ ਦੇਖਭਾਲ ਬਾਰੇ ਫੈਸਲੇ ਲੈਣ ਵੇਲੇ ਹਮੇਸ਼ਾ ਆਪਣੀ ਸਿਹਤ ਅਤੇ ਸਮਾਜਿਕ ਦੇਖਭਾਲ ਟੀਮ ਨੂੰ ਸਲਾਹ ਲਈ ਪੁੱਛੋ। ਉਹ ਮੁਲਾਕਾਤਾਂ ਵਿੱਚ ਮਦਦ ਲਈ ਅਨੁਵਾਦਕ ਦਾ ਇੰਤਜ਼ਾਮ ਕਰਨ ਦੇ ਯੋਗ ਹੋ ਸਕਦੇ ਹਨ।

ਹੋਰ ਜਾਣਕਾਰੀ ਦਾ ਅਨੁਵਾਦ ਸੰਭਵ ਹੋ ਸਕਦਾ ਹੈ, ਪਰ ਇਹ ਇੱਕ ਸੀਮਤ ਸੇਵਾ ਹੈ। ਵੇਰਵਿਆਂ ਲਈ ਸਾਡੀ ਹੈਲਪਲਾਈਨ MND Connect ਨਾਲ ਸੰਪਰਕ ਕਰੋ:
ਟੈਲੀਫ਼ੋਨ: **0808 802 6262**
ਈਮੇਲ: **mndconnect@mndassociation.org**

ਇਹ ਚਿੰਨ੍ਹ MND ਜਾਂ ਕੇਨੇਡੀ'ਜ਼ ਡਿਜ਼ੀਜ਼ ਨਾਲ ਰਹਿ ਰਹੇ ਜਾਂ ਪ੍ਰਭਾਵਿਤ ਲੋਕਾਂ ਦੇ ਬਿਆਨਾਂ ਨੂੰ ਉਜਾਗਰ ਕਰਦਾ ਹੈ।

ਇਹ ਚਿੰਨ੍ਹ ਸਾਡੇ ਜਾਣਕਾਰੀ ਸਰੋਤਾਂ ਨੂੰ ਉਜਾਗਰ ਕਰਦਾ ਹੈ ਤਾਂ ਜੋ ਤੁਹਾਨੂੰ ਹੋਰ ਪੜਚੋਲ ਕਰਨ ਵਿੱਚ ਮਦਦ ਮਿਲ ਸਕੇ। ਭਾਗ 6 ਵਿੱਚ ਛਾਪੀਆਂ ਗਈਆਂ ਕਾਪੀਆਂ ਨੂੰ ਡਾਊਨਲੋਡ ਜਾਂ ਆਰਡਰ ਕਰਨ ਦਾ ਤਰੀਕਾ ਜਾਣੋ: **ਮੈਂ ਹੋਰ ਜਾਣਕਾਰੀ ਕਿਵੇਂ ਪਤਾ ਕਰਾਂ?**

# 1. ਸ਼ਬਦਾਂ ਦਾ ਕੀ ਅਰਥ ਹੈ?

ਤੁਸੀਂ ਪੇਸ਼ੇਵਰਾਂ ਦੁਆਰਾ ਇਹ ਸ਼ਬਦ ਕਹੇ ਜਾਂਦੇ ਸੁਣ ਸਕਦੇ ਹੋ।

**ਸਹਾਇਤਾ-ਪ੍ਰਾਪਤ ਵੈਂਟੀਲੇਸ਼ਨ** ਸਾਹ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਮਸ਼ੀਨ

**BiPAP** BiPAP ਦਾ ਅਰਥ ਹੈ ਬਾਇਲੈਵਲ ਪਾਜ਼ਿਟਿਵ ਏਅਰਵੇਅ ਪ੍ਰੈਸ਼ਰ, ਅਤੇ ਇਹ ਬਗੈਰ-ਸਰੀਰਕ ਦਾਖਲੇ (ਸਰੀਰ ਅੰਦਰ ਕਿਸੇ ਯੰਤਰ ਪਾਉਣ ਤੋਂ ਬਗੈਰ) ਵਾਲੀ ਵੈਂਟੀਲੇਸ਼ਨ ਦੀ ਇੱਕ ਕਿਸਮ ਹੈ। ਕੁਝ ਲੋਕ NIV ਦੀ ਬਜਾਏ ਇਸ ਨਾਮ ਦੀ ਵਰਤੋਂ ਕਰਦੇ ਹਨ।

**ਨਿਰਭਰ ਜਾਂ ਵਿਸ਼ਵਾਸੀ** ਵੈਂਟੀਲੇਸ਼ਨ ਦੇ ਨਾਲ, ਇਸਦਾ ਮਤਲਬ ਹੈ ਕਿ ਹਰ 24 ਘੰਟਿਆਂ ਵਿੱਚ 14 ਘੰਟਿਆਂ ਤੋਂ ਵੱਧ ਸਮੇਂ ਲਈ ਵੈਂਟੀਲੇਸ਼ਨ ਮਸ਼ੀਨ ਦੀ ਵਰਤੋਂ ਕਰਨ ਦੀ ਜ਼ਰੂਰਤ ਹੈ ਜਾਂ ਇਸ ਤੋਂ ਬਿਨਾਂ ਪ੍ਰਭਾਵਸ਼ਾਲੀ ਢੰਗ ਨਾਲ ਸਾਹ ਲੈਣ ਵਿੱਚ ਅਸਮਰੱਥ ਹੋਣਾ।

**ਮਾਊਥਪੀਸ ਵੈਂਟੀਲੇਸ਼ਨ (MPV)** NIV ਦਾ ਇੱਕ ਰੂਪ ਜਿੱਥੇ ਤੁਸੀਂ ਲੋੜ ਅਨੁਸਾਰ ਆਪਣੇ ਫੇਫੜਿਆਂ ਵਿੱਚ ਹਵਾ ਨੂੰ ਵਧਾਉਣ ਲਈ ਇੱਕ ਸਟਰਾਅ ਵਰਗੀ ਨੋਜ਼ਲ ਦੀ ਵਰਤੋਂ ਕਰਦੇ ਹੋ। ਆਪਣੀ ਰੈਸਪੀਰੇਟਰੀ ਟੀਮ ਨੂੰ ਪੁੱਛੋ ਕਿ ਕੀ ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਲਾਭਦਾਇਕ ਹੋ ਸਕਦਾ ਹੈ।

**ਗੈਰ-ਦਾਖਲਾਕਾਰੀ ਵੈਂਟੀਲੇਸ਼ਨ (NIV)** ਸਹਾਇਕ ਵੈਂਟੀਲੇਸ਼ਨ ਦੀ ਇੱਕ ਕਿਸਮ, ਜਿੱਥੇ ਮਸ਼ੀਨ ਤੁਹਾਡੇ ਫੇਫੜਿਆਂ ਵਿੱਚ ਆਮ ਹਵਾ ਦੇ ਪ੍ਰਵਾਹ ਨੂੰ ਵਧਾਉਂਦੀ ਹੈ। ਇਹ ਆਮ ਤੌਰ 'ਤੇ ਤੁਹਾਡੇ ਸਿਰ ਦੇ ਦੁਆਲੇ ਪੱਟੀਆਂ ਦੁਆਰਾ ਫੜੇ ਹੋਏ ਨੱਕ ਜਾਂ ਚਿਹਰੇ ਦੇ ਮਾਸਕ ਰਾਹੀਂ ਹੁੰਦਾ ਹੈ।

**ਟ੍ਰੇਕੀਓਸਟੋਮੀ** ਤੁਹਾਡੀ ਗਰਦਨ ਦੇ ਸਾਹਮਣੇ ਇੱਕ ਰਸਤਾ ਬਣਾਉਣ ਲਈ ਇੱਕ ਸਰਜੀਕਲ ਪ੍ਰਕਿਰਿਆ, ਜਿੱਥੇ ਇੱਕ ਟਿਊਬ ਤੁਹਾਡੀ ਹਵਾ ਦੀ ਪਾਈਪ ਵਿੱਚ ਪਾਈ ਜਾ ਸਕਦੀ ਹੈ। ਇਸ ਨੂੰ ਫੇਰ ਵੈਂਟੀਲੇਸ਼ਨ ਲਈ ਵਰਤਿਆ ਜਾ ਸਕਦਾ ਹੈ।

| | |
|---|---|
| **ਟ੍ਰੈਕ ਵੈਂਟੀਲੇਸ਼ਨ (ਟ੍ਰੇਕੀਓਸਟੋਮੀ ਵੈਂਟੀਲੇਸ਼ਨ)** | ਇੱਕ ਮਸ਼ੀਨ ਜੋ ਸਾਹ ਲੈਣ ਵਿੱਚ ਸਹਾਇਤਾ ਕਰਦੀ ਹੈ, ਤੁਹਾਡੀ ਸਾਹ ਦੀ ਪਾਈਪ ਵਿੱਚ ਪਾਈ ਗਈ ਇੱਕ ਟਿਊਬ ਰਾਹੀਂ ਹਵਾ ਤੁਹਾਡੀ ਗਰਦਨ ਰਾਹੀਂ ਭੇਜਦੀ ਹੈ। ਟ੍ਰੇਕੀਓਸਟੋਮੀ ਵੈਂਟੀਲੇਸ਼ਨ ਪੂਰਾ ਨਾਮ ਹੈ, ਪਰ ਪੜ੍ਹਨ ਦੀ ਸੌਖ ਲਈ, ਇਹ ਸ਼ੀਟ ਛੋਟੇ ਸੰਸਕਰਣ ਦੀ ਵਰਤੋਂ ਕਰਦੀ ਹੈ: ਟ੍ਰੈਕ ਵੈਂਟੀਲੇਸ਼ਨ। ਤੁਸੀਂ ਇਸਨੂੰ ਦਾਖਲਾਕਾਰੀ ਵੈਂਟੀਲੇਸ਼ਨ ਵੀ ਕਹਿੰਦੇ ਸੁਣ ਸਕਦੇ ਹੋ। |
| **ਸਾਹ ਸੰਬੰਧੀ ਦੇਖਭਾਲ ਜਾਂ ਪ੍ਰਬੰਧਨ** | ਇਸ ਕਿਸਮ ਦੀ ਦੇਖਭਾਲ ਤੁਹਾਡੇ ਸਾਹ ਲੈਣ ਦੇ ਮੁਲਾਂਕਣ ਦੇ ਨਾਲ-ਨਾਲ ਮਾਰਗਦਰਸ਼ਨ, ਸਹਾਇਤਾ ਅਤੇ ਇਲਾਜ ਪ੍ਰਦਾਨ ਕਰਦੀ ਹੈ। |
| **ਰੈਸਪੀਰੇਟਰੀ ਟੀਮ** | ਸਿਹਤ ਪੇਸ਼ੇਵਰ ਜੋ ਮੁਲਾਂਕਣ ਵਿੱਚ ਮਾਹਰ ਹਨ ਅਤੇ ਸਾਹ ਲੈਣ ਦੀਆਂ ਸਮੱਸਿਆਵਾਂ ਲਈ ਸਹਾਇਤਾ ਕਰਦੇ ਹਨ। |
| **ਰਿਸਾਵ** | ਇਹ ਸਾਹ ਲੈਣ ਦੀ ਸਹਾਇਤਾ ਦੇ ਵਰਤੋਂ ਸਮੇਂ ਨਿਕਲਦੇ ਬਲਗ਼ਮ ਜਾਂ ਲਾਰ ਨੂੰ ਦਰਸਾਉਂਦਾ ਹੈ। |

ਇਸ ਸ਼ੀਟ ਵਿੱਚ ਸੰਵੇਦਨਸ਼ੀਲ ਵਿਸ਼ੇ ਸ਼ਾਮਲ ਹਨ, ਜਿਵੇਂ ਕਿ ਵੈਂਟੀਲੇਸ਼ਨ ਨੂੰ ਹਟਾਇਆ ਜਾਣਾ ਅਤੇ ਭਵਿੱਖ ਦੀ ਦੇਖਭਾਲ ਲਈ ਯੋਜਨਾਬੰਦੀ। ਜਦੋਂ ਤੁਸੀਂ ਇਸਨੂੰ ਪੜ੍ਹਨ ਲਈ ਤਿਆਰ ਮਹਿਸੂਸ ਕਰਦੇ ਹੋ ਤਾਂ ਪੜ੍ਹੋ।

# 2. ਸਹਾਇਕ ਵੈਂਟੀਲੇਸ਼ਨ ਕੀ ਹੈ ਅਤੇ ਇਹ ਕਿਵੇਂ ਮਦਦ ਕਰ ਸਕਦੀ ਹੈ?

MND ਜਾਂ ਕੇਨੇਡੀ'ਜ਼ ਡਿਜ਼ੀਜ਼ ਨਾਲ ਤੁਹਾਡੇ ਫੇਫੜੇ ਅਜੇ ਵੀ ਹਵਾ ਨੂੰ ਪ੍ਰਕਿਰਿਆ ਕਰ ਸਕਦੇ ਹਨ, ਪਰ ਤੁਹਾਨੂੰ ਸਾਹ ਲੈਣ ਵਿੱਚ ਮੁਸ਼ਕਲ ਹੋ ਸਕਦੀ ਹੈ। ਇਹ ਇਸ ਲਈ ਹੈ ਕਿਉਂਕਿ ਸਾਹ ਲੈਣ ਲਈ ਤੁਸੀਂ ਜੋ ਮਾਸਪੇਸ਼ੀਆਂ ਵਰਤਦੇ ਹੋ ਉਹ ਕਮਜ਼ੋਰ ਹੋ ਸਕਦੀਆਂ ਹਨ।

ਸਾਹ ਲੈਣ ਦੀ ਸਹਾਇਤਾ ਉਪਲਬਧ ਹੈ, ਜਿਸ ਵਿੱਚ ਇੱਕ ਮਸ਼ੀਨ ਦੀ ਮਦਦ ਸ਼ਾਮਲ ਹੈ ਜੋ ਤੁਹਾਡੇ ਫੇਫੜਿਆਂ ਵਿੱਚ ਹਵਾ ਦੇ ਪ੍ਰਵਾਹ ਦਾ ਸਮਰਥਨ ਕਰਦੀ ਹੈ। ਇਸ ਕਿਸਮ ਦੀ ਮਸ਼ੀਨ ਨੂੰ ਸਹਾਇਤਾ ਪ੍ਰਾਪਤ ਵੈਂਟੀਲੇਸ਼ਨ ਕਿਹਾ ਜਾਂਦਾ ਹੈ। ਅਸੀਂ ਇਸਨੂੰ ਇਸ ਸ਼ੀਟ ਵਿੱਚ ਵੈਂਟੀਲੇਸ਼ਨ ਤੱਕ ਸੀਮਤ ਕਰਦੇ ਹਾਂ ਅਤੇ ਇਸਦੀਆਂ ਦੋ ਕਿਸਮਾਂ ਹਨ:

### 1. ਗੈਰ-ਦਾਖਲਾਕਾਰੀ ਵੈਂਟੀਲੇਸ਼ਨ

ਇਹ ਮਸ਼ੀਨ ਤੁਹਾਡੇ ਫੇਫੜਿਆਂ ਵਿੱਚ ਆਮ ਹਵਾ ਦੇ ਪ੍ਰਵਾਹ ਨੂੰ ਵਧਾਉਂਦੀ ਹੈ। ਇਹ ਆਮ ਤੌਰ 'ਤੇ ਤੁਹਾਡੇ ਸਿਰ ਦੇ ਦੁਆਲੇ ਪੱਟੀਆਂ ਦੁਆਰਾ ਫੜੇ ਹੋਏ ਨੱਕ ਜਾਂ ਚਿਹਰੇ ਦੇ ਮਾਸਕ ਰਾਹੀਂ ਹੁੰਦਾ ਹੈ।

### 2. ਟ੍ਰੈਕ ਵੈਂਟੀਲੇਸ਼ਨ

ਇਹ ਮਸ਼ੀਨ ਤੁਹਾਡੀ ਹਵਾ ਦੀ ਪਾਈਪ ਵਿੱਚ ਪਾਈ ਗਈ ਇੱਕ ਟਿਊਬ ਰਾਹੀਂ ਤੁਹਾਡੀ ਗਰਦਨ ਰਾਹੀਂ ਹਵਾ ਭੇਜ ਕੇ ਸਾਹ ਲੈਣ ਵਿੱਚ ਸਹਾਇਤਾ ਕਰਦੀ ਹੈ। ਪੂਰਾ ਨਾਮ ਟ੍ਰੇਕਿਓਸਟੋਮੀ ਵੈਂਟੀਲੇਸ਼ਨ ਹੈ ਅਤੇ ਕਈ ਵਾਰ ਇਸਨੂੰ ਦਾਖਲਾਕਾਰੀ ਵੈਂਟੀਲੇਸ਼ਨ ਕਿਹਾ ਜਾਂਦਾ ਹੈ।

ਕਿਸੇ ਵੀ ਕਿਸਮ ਦੀ ਵੈਂਟੀਲੇਸ਼ਨ ਕਈ ਲੱਛਣਾਂ ਨੂੰ ਘੱਟ ਕਰਨ, ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਅਤੇ ਬਚਾਅ ਨੂੰ ਲੰਮਾ ਕਰਨ ਵਿੱਚ ਮਦਦ ਕਰ ਸਕਦੀ ਹੈ। ਹਾਲਾਂਕਿ, ਵੈਂਟੀਲੇਸ਼ਨ ਹਰੇਕ ਬਿਮਾਰੀ ਦੇ ਵਧਣ ਦੇ ਤਰੀਕੇ ਨੂੰ ਰੋਕ ਜਾਂ ਇਸਨੂੰ ਉਲਟ ਨਹੀਂ ਕਰ ਸਕਦੀ। ਤੁਹਾਡਾ ਸਾਹ ਕਮਜ਼ੋਰ ਹੁੰਦਾ ਰਹੇਗਾ, ਅਤੇ ਸਮੇਂ ਦੇ ਨਾਲ ਵੈਂਟੀਲੇਸ਼ਨ 'ਤੇ ਨਿਰਭਰ ਹੋਣ ਦੀ ਸੰਭਾਵਨਾ ਹੈ।

ਇਸ ਬਾਰੇ ਸੋਚਣ ਲਈ ਬਹੁਤ ਕੁਝ ਹੈ, ਪਰ ਇਹ ਮਾਰਗਦਰਸ਼ਨ ਵੈਂਟੀਲੇਸ਼ਨ ਬਾਰੇ ਚਰਚਾਵਾਂ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਇਹ ਹਰੇਕ ਕਿਸਮ ਬਾਰੇ ਤੁਹਾਨੂੰ ਕੀ ਜਾਣਨ ਦੀ ਲੋੜ ਹੈ, ਦੀ ਪੜਚੋਲ ਕਰਦਾ ਹੈ।

ਇਸ ਸ਼ੀਟ ਵਿੱਚ ਸੰਵੇਦਨਸ਼ੀਲ ਵਿਸ਼ੇ ਸ਼ਾਮਲ ਹਨ, ਜਿਵੇਂ ਕਿ ਵੈਂਟੀਲੇਸ਼ਨ ਨੂੰ ਹਟਾਇਆ ਜਾਣਾ ਅਤੇ ਭਵਿੱਖ ਦੀ ਦੇਖਭਾਲ ਲਈ ਯੋਜਨਾਬੰਦੀ। ਜਦੋਂ ਤੁਸੀਂ ਇਸਨੂੰ ਪੜ੍ਹਨ ਲਈ ਤਿਆਰ ਮਹਿਸੂਸ ਕਰਦੇ ਹੋ ਤਾਂ ਪੜ੍ਹੋ।

## ਕੀ ਵੈਂਟੀਲੇਸ਼ਨ ਵਿੱਚ ਵਾਧੂ ਆਕਸੀਜਨ ਸ਼ਾਮਲ ਹੁੰਦੀ ਹੈ?

ਜ਼ਿਆਦਾਤਰ ਮਾਮਲਿਆਂ ਵਿੱਚ, ਵੈਂਟੀਲੇਸ਼ਨ ਤੁਹਾਨੂੰ ਸਾਹ ਲੈਣ ਵਿੱਚ ਮਦਦ ਕਰਨ ਲਈ ਆਮ ਹਵਾ ਦੀ ਵਰਤੋਂ ਕਰਦੀ ਹੈ। MND ਨਾਲ ਆਮ ਤੌਰ 'ਤੇ ਵਾਧੂ ਆਕਸੀਜਨ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ, ਕਿਉਂਕਿ ਇਹ ਤੁਹਾਡੇ ਸਰੀਰ ਵਿੱਚ ਆਕਸੀਜਨ ਅਤੇ ਕਾਰਬਨ ਡਾਈਆਕਸਾਈਡ ਵਿਚਕਾਰ ਸੰਤੁਲਨ ਨੂੰ ਵਿਗਾੜ ਸਕਦੀ ਹੈ। ਜੇਕਰ ਤੁਹਾਨੂੰ ਛਾਤੀ ਦੀ ਲਾਗ, ਫੇਫੜਿਆਂ ਦੀ ਹੋਰ ਬਿਮਾਰੀ ਹੈ ਜਾਂ ਤੁਹਾਨੂੰ ਅਸਥਾਈ ਸਹਾਇਤਾ ਦੀ ਲੋੜ ਹੈ ਤਾਂ ਵੀ ਆਕਸੀਜਨ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਡਾਕਟਰੀ ਨਿਗਰਾਨੀ ਹੇਠ, ਸਿਹਤ ਸੰਭਾਲ ਪੇਸ਼ੇਵਰਾਂ ਨਾਲ ਕੀਤਾ ਜਾਣਾ ਚਾਹੀਦਾ ਹੈ ਜੋ ਤੁਹਾਡੀ ਜਾਂਚ ਨੂੰ ਜਾਣਦੇ ਅਤੇ ਸਮਝਦੇ ਹਨ।

**"ਪੂਰਵ-ਚਿਤਾਵਨੀ ਇਸ ਬਾਰੇ ਅਗਾਊਂ-ਤਿਆਰੀ ਹੈ ਕਿ ਅੱਗੇ ਕੀ ਹੋ ਸਕਦਾ ਹੈ। ਮੈਨੂੰ ਹਮੇਸ਼ਾ ਲੱਗਦਾ ਹੈ ਕਿ ਇਹ ਜਾਣਨਾ ਬਿਹਤਰ ਹੈ ਕਿ ਅੱਗੇ ਕੀ ਹੈ ਅਤੇ ਇਸ ਨਾਲ ਨਜਿੱਠਣ ਦੇ ਤਰੀਕੇ ਕਿਹੜੇ ਹਨ। ਅਣਜਾਣ ਪੱਖ ਹਮੇਸ਼ਾ ਜ਼ਿਆਦਾ ਡਰਾਉਣਾ ਹੁੰਦਾ ਹੈ।**

## ਮੈਨੂੰ ਵੈਂਟੀਲੇਸ਼ਨ ਬਾਰੇ ਕਦੋਂ ਸੋਚਣਾ ਸ਼ੁਰੂ ਕਰਨਾ ਚਾਹੀਦਾ ਹੈ?

ਸਾਹ ਲੈਣ ਦੇ ਲੱਛਣ ਗੰਭੀਰ ਹੋਣ ਤੋਂ ਪਹਿਲਾਂ ਜਿੰਨਾ ਹੋ ਸਕੇ ਪਤਾ ਲਗਾਓ। ਆਪਣੀ ਸਿਹਤ ਸੰਭਾਲ ਟੀਮ ਦੇ ਕਿਸੇ ਮੈਂਬਰ ਨੂੰ ਰੈਸਪੀਰੇਟਰੀ ਟੀਮ ਕੋਲ ਰੈਫਰਲ ਦੇਣ ਲਈ ਕਹੋ, ਜੋ ਤੁਹਾਨੂੰ ਇਹਨਾਂ ਬਾਰੇ ਮਾਰਗਦਰਸ਼ਨ ਕਰ ਸਕਦਾ ਹੈ:

- ਉਪਲਬਧ ਵੈਂਟੀਲੇਸ਼ਨ ਅਤੇ ਥੈਰੇਪੀ ਦੀਆਂ ਕਿਸਮਾਂ
- ਹਰੇਕ ਵਿਕਲਪ ਦੇ ਫਾਇਦੇ ਅਤੇ ਸੰਭਾਵਿਤ ਚੁਣੌਤੀਆਂ
- ਸਮੇਂ ਦੇ ਨਾਲ ਤੁਹਾਡੀਆਂ ਜ਼ਰੂਰਤਾਂ ਕਿਵੇਂ ਬਦਲ ਸਕਦੀਆਂ ਹਨ
- ਵੈਂਟੀਲੇਸ਼ਨ ਸ਼ੁਰੂ ਹੋਣ ਤੋਂ ਬਾਅਦ ਦੇਖਭਾਲ ਕਿਹੋ ਜਿਹੀ ਹੁੰਦੀ ਹੈ
- ਜੇ ਤੁਸੀਂ ਵੈਂਟੀਲੇਸ਼ਨ ਦੀ ਵਰਤੋਂ ਬੰਦ ਕਰਨ (ਜਿਸਨੂੰ ਹਟਾਇਆ ਜਾਣਾ ਵਜੋਂ ਜਾਣਿਆ ਜਾਂਦਾ ਹੈ) ਦਾ ਫੈਸਲਾ ਕਰਦੇ ਹੋ ਤਾਂ ਕੀ ਹੋਣ ਦੀ ਸੰਭਾਵਨਾ ਹੈ
- ਤੁਹਾਡੇ ਕੋਈ ਹੋਰ ਸਵਾਲ ਹੋ ਸਕਦੇ ਹਨ।

ਤੁਹਾਡਾ ਫੈਸਲਾ ਇਸ ਗੱਲ 'ਤੇ ਨਿਰਭਰ ਕਰੇਗਾ:

- ਤੁਹਾਡੀ ਭਵਿੱਖ ਦੀ ਦੇਖਭਾਲ ਲਈ ਤੁਹਾਡੇ ਨਿੱਜੀ ਵਿਚਾਰ, ਜ਼ਰੂਰਤਾਂ ਅਤੇ ਇੱਛਾਵਾਂ
- ਕੀ ਵੈਂਟੀਲੇਸ਼ਨ ਤੁਹਾਡੇ ਲਈ ਢੁਕਵੀਂ ਹੈ
- ਇਸਦੀ ਵਰਤੋਂ ਕਦੋਂ ਸ਼ੁਰੂ ਕਰਨਾ ਸਭ ਤੋਂ ਵਧੀਆ ਹੈ।

ਜਾਣਕਾਰੀ ਹੋਣਾ ਤੁਹਾਨੂੰ ਆਪਣੇ ਪਰਿਵਾਰ, ਦੇਖਭਾਲਕਰਤਾਵਾਂ ਅਤੇ ਸਿਹਤ ਪੇਸ਼ੇਵਰਾਂ ਨਾਲ ਵਿਕਲਪਾਂ 'ਤੇ ਚਰਚਾ ਕਰਨ ਵਿੱਚ ਮਦਦ ਕਰ ਸਕਦਾ ਹੈ। ਇਸ ਨੂੰ ਜਿੰਨੀ ਜਲਦੀ ਹੋ ਸਕੇ ਕਰਨ ਨਾਲ ਹਰ ਕਿਸੇ ਨੂੰ ਤੁਹਾਡੀਆਂ ਤਰਜੀਹਾਂ ਨੂੰ ਸਮਝਣ ਅਤੇ ਸਹੀ ਦੇਖਭਾਲ ਪਹਿਲਾਂ ਤੋਂ ਤਿਆਰ ਕਰਨ ਦਾ ਸਮਾਂ ਮਿਲਦਾ ਹੈ।

ਤੁਹਾਡੀ ਰੈਸਪੀਰੇਟਰੀ ਟੀਮ ਤੁਹਾਨੂੰ ਇਸ ਬਾਰੇ ਮਾਰਗਦਰਸ਼ਨ ਕਰ ਸਕਦੀ ਹੈ ਕਿ ਵੈਂਟੀਲੇਸ਼ਨ ਕਿਵੇਂ ਵਰਤੀ ਜਾ ਸਕਦੀ ਹੈ, ਜੋ ਕਿ ਪਹਿਲਾਂ ਪਾਰਟ-ਟਾਈਮ ਹੋ ਸਕਦੀ ਹੈ।

ਸ਼ੁਰੂਆਤੀ ਯੋਜਨਾਬੰਦੀ ਐਮਰਜੈਂਸੀ ਫੈਸਲਿਆਂ ਦੀ ਜ਼ਰੂਰਤ ਤੋਂ ਬਚਣ ਵਿੱਚ ਮਦਦ ਕਰ ਸਕਦੀ ਹੈ, ਜੋ ਤੁਹਾਡੇ ਦੁਆਰਾ ਲੋੜੀਂਦੇ ਵਿਕਲਪਾਂ ਨੂੰ ਸਮਰੱਥ ਨਹੀਂ ਬਣਾਉਂਦੇ।

**"ਮੇਰੇ ਆਪਣੇ ਤਜਰਬਿਆਂ ਨੇ ਇਹ ਦਿਖਾਇਆ ਹੈ ਕਿ ਲੋਕ ਹਮੇਸ਼ਾ ਲੋੜ ਅਨੁਸਾਰ ਜਲਦੀ ਤਿਆਰ ਨਹੀਂ ਹੁੰਦੇ। ਜਾਂ ਲੱਛਣਾਂ ਬਾਰੇ ਲੋੜ ਅਨੁਸਾਰ ਪਹਿਲਾਂ ਪਤਾ ਨਹੀਂ ਲਗਾਇਆ ਗਿਆ ਹੈ। ਮੇਰੇ ਪਤੀ ਦੇ ਮਾਮਲੇ ਵਿੱਚ, ਉਹਨਾਂ ਦੇ ਸਾਹ ਦੀਆਂ ਸਮੱਸਿਆਵਾਂ ਦੀਆਂ ਸਮੱਸਿਆਵਾਂ ਐਨੀਆਂ ਅੱਗੇ ਵੱਧ ਚੁੱਕੀਆਂ ਸਨ ਕਿ ਗੈਰ-ਦਾਖਲਾਕਾਰੀ ਵੈਂਟੀਲੇਸ਼ਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਵਰਤਿਆ ਜਾ ਸਕਦਾ ਸੀ।"**

## ਅਜਿਹੇ ਆਰੰਭਕ ਸੰਕੇਤ ਕੀ ਹਨ ਜਿਨ੍ਹਾਂ ਨਾਲ ਮੈਨੂੰ ਹਵਾਦਾਰੀ ਦੀ ਲੋੜ ਪੈ ਸਕਦੀ ਹੈ?

ਸਾਹ ਲੈਣ ਵਾਲੀਆਂ ਮਾਸਪੇਸ਼ੀਆਂ ਦੇ ਕਮਜ਼ੋਰ ਹੋਣ ਕਾਰਨ ਇਹ ਹੋ ਸਕਦੇ ਹਨ:

– ਸਾਹ ਚੜ੍ਹਨਾ, ਆਰਾਮ ਕਰਦੇ ਸਮੇਂ ਵੀ
– ਹਲਕੇ ਸਾਹ ਲੈਣਾ, ਖਾਸ ਕਰਕੇ ਸਿੱਧੇ ਲੇਟਣ ਵੇਲੇ
– ਹਲਕੀ ਖੰਘ ਅਤੇ ਬਲਗ਼ਮ ਜਾਂ ਕਫ ਨੂੰ ਸਾਫ਼ ਕਰਨ ਵਿੱਚ ਮੁਸ਼ਕਲ
– ਵਾਰ-ਵਾਰ ਜਾਂ ਲੰਬੇ ਸਮੇਂ ਤੱਕ ਚੱਲਣ ਵਾਲੇ ਛਾਤੀ ਦੀ ਇਨਫੈਕਸ਼ਨ
– ਸੁੰਘਣ ਵਿੱਚ ਕਮਜ਼ੋਰੀ
– ਖਰਾਬ ਨੀਂਦ, ਸਾਹ ਲੈਣ ਵਿੱਚ ਤਕਲੀਫ਼ ਕਾਰਨ ਪਰੇਸ਼ਾਨੀ
– ਜਦੋਂ ਤੁਸੀਂ ਜਾਗਦੇ ਹੋ ਜਾਂ ਦਿਨ ਭਰ ਥਕਾਵਟ ਮਹਿਸੂਸ ਕਰਨਾ
– ਸਵੇਰ ਦਾ ਸਿਰ ਦਰਦ
– ਵੰਨ-ਸੁਵੰਨੇ ਸੁਪਨੇ ਜਾਂ ਬੁਰੇ ਸੁਪਨੇ
– ਉਲਝਣ, ਭੁੱਲਣ ਜਾਂ ਧਿਆਨ ਕੇਂਦਰਿਤ ਕਰਨ ਵਿੱਚ ਅਸਮਰੱਥ ਮਹਿਸੂਸ ਕਰਨਾ
– ਕਮਜ਼ੋਰ ਆਵਾਜ਼
– ਭੁੱਖ ਘੱਟ ਜਾਣਾ ਜਾਂ ਭਾਰ ਘਟਣਾ।

**"ਜਦੋਂ ਮੈਂ ਹਰ ਤਿੰਨ ਮਹੀਨਿਆਂ ਬਾਅਦ MND ਕਲਿਨਿਕ ਜਾਂਦਾ ਹਾਂ ਤਾਂ ਮੇਰਾ ਵਾਇਟਲ ਕੈਪੇਸਿਟੀ ਟੈਸਟ ਅਤੇ ਖੰਘ ਦਾ ਟੈਸਟ ਕੀਤਾ ਜਾਂਦਾ ਹੈ। ਮੈਨੂੰ ਯਕੀਨ ਹੈ ਕਿ ਜਿਵੇਂ ਹੀ ਮੇਰੀ ਦੇਖਭਾਲ ਟੀਮ ਨੂੰ ਮੇਰੇ ਫੇਫੜਿਆਂ ਦੀ ਸਮਰੱਥਾ ਦੇ ਚਿੰਤਾਜਨਕ ਪੱਧਰ 'ਤੇ ਆਉਣ ਦਾ ਪਤਾ ਲੱਗਦਾ ਹੈ ਉਹ ਅੱਗੇ ਆ ਕੇ ਮੈਨੂੰ ਸਲਾਹ ਅਤੇ ਸਿਫ਼ਾਰਿਸ਼ਾਂ ਦੇਣਗੇ।"**

ਜੇਕਰ ਸਾਹ ਲੈਣ ਵਿੱਚ ਕਮਜ਼ੋਰੀ ਤੁਹਾਡੇ ਬੋਲਣ ਅਤੇ ਸੰਚਾਰ ਕਰਨ ਦੇ ਤਰੀਕੇ ਨੂੰ ਪ੍ਰਭਾਵਿਤ ਕਰਦੀ ਹੈ, ਤਾਂ ਮੁਲਾਂਕਣ ਲਈ ਇੱਕ

ਸਪੀਚ ਅਤੇ ਲੈਂਗੁਏਜ਼ ਥੈਰੇਪਿਸਟ ਕੋਲ ਰੈਫਰਲ ਮੰਗੋ, ਅਤੇ ਸਪੀਚ ਥੈਰੇਪੀ ਅਤੇ ਸੰਚਾਰ ਸਹਾਇਤਾ ਬਾਰੇ ਮਾਰਗਦਰਸ਼ਨ।

ਜਾਣਕਾਰੀ ਸ਼ੀਟ ਵੇਖੋ: **8A ਸਾਹ ਲੈਣ ਦੀਆਂ ਸਮੱਸਿਆਵਾਂ ਲਈ ਸਹਾਇਤਾ।**

ਬੋਲਣ ਅਤੇ ਆਵਾਜ਼ ਵਿੱਚ ਸਹਾਇਤਾ ਬਾਰੇ ਹੋਰ ਜਾਣਕਾਰੀ ਲਈ, ਜਾਣਕਾਰੀ ਸ਼ੀਟ ਵੇਖੋ:

- **7C ਬੋਲੀ ਅਤੇ ਸੰਚਾਰ**
- **7D ਵੌਇਸ ਬੈਂਕਿੰਗ**

ਤੁਹਾਡਾ ਸਪੀਚ ਅਤੇ ਲੈਂਗੁਏਜ਼ ਥੈਰੇਪਿਸਟ ਨਿਗਲਣ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਮੁਲਾਂਕਣ ਵੀ ਕਰ ਸਕਦਾ ਹੈ।

ਇਹ ਮਾਇਨੇ ਰੱਖਦਾ ਹੈ ਕਿਉਂਕਿ ਸਾਹ ਲੈਣ ਵਾਲੀਆਂ ਕਮਜ਼ੋਰ ਮਾਸਪੇਸ਼ੀਆਂ ਖੰਘਣ ਅਤੇ ਤੁਹਾਡੇ ਗਲੇ ਨੂੰ ਸਾਫ਼ ਕਰਨ ਵਿੱਚ ਮੁਸ਼ਕਲ ਬਣਾਉਂਦੀਆਂ ਹਨ। ਨਤੀਜੇ ਵਜੋਂ, ਤੁਹਾਡਾ ਖਾਣਾ ਅਤੇ ਪੀਣ ਵਾਲਾ ਪਦਾਰਥ ਤੁਹਾਡੇ ਸਾਹ ਨਾਲੀਆਂ ਵਿੱਚ 'ਗਲਤ ਤਰੀਕੇ ਨਾਲ ਜਾ' ਸਕਦਾ ਹੈ। ਇਸ ਨੂੰ ਐਸਪੀਰੇਸ਼ਨ ਕਿਹਾ ਜਾਂਦਾ ਹੈ ਅਤੇ ਵਾਰ-ਵਾਰ ਛਾਤੀ ਵਿੱਚ ਇਨਫੈਕਸ਼ਨ ਹੋ ਸਕਦਾ ਹੈ।

ਤੁਸੀਂ ਖੰਘਣ ਲਈ ਮਦਦ ਪ੍ਰਾਪਤ ਕਰ ਸਕਦੇ ਹੋ, ਜਿਸ ਵਿੱਚ ਸ਼ਾਮਲ ਹਨ:

- ਆਪਣੀ ਸਿਹਤ ਅਤੇ ਦੇਖਭਾਲ ਟੀਮ ਤੋਂ ਸਹਾਇਤਾ
- ਤਕਨੀਕਾਂ ਜੋ ਤੁਸੀਂ ਆਪਣੇ ਆਪ ਲਾਗੂ ਕਰਨਾ ਸਿੱਖ ਸਕਦੇ ਹੋ
- ਇੱਕ ਮਸ਼ੀਨ ਜੋ ਤੁਹਾਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਖੰਘਣ ਵਿੱਚ ਮਦਦ ਕਰਦੀ ਹੈ।

ਜਾਣਕਾਰੀ ਸ਼ੀਟ ਵੇਖੋ: **7A ਨਿਗਲਣ ਵਿੱਚ ਮੁਸ਼ਕਲਾਂ।**

ਆਪਣੇ ਜੀਪੀ ਨੂੰ ਸਾਲਾਨਾ ਫਲੂ, ਨਮੂਨੀਆ ਅਤੇ ਕੋਵਿਡ ਟੀਕੇ ਲੈਣ ਬਾਰੇ ਪੁੱਛੋ ਤਾਂ ਜੋ ਇਹਨਾਂ ਦੇ ਹੋਣ ਦੇ ਜੋਖਮ ਨੂੰ ਘੱਟ ਕੀਤਾ ਜਾ ਸਕੇ ਅਤੇ ਛਾਤੀ ਦੀਆਂ ਗੰਭੀਰ ਇਨਫੈਕਸ਼ਨਾਂ ਨੂੰ ਰੋਕਿਆ ਜਾ ਸਕੇ। ਆਪਣੇ ਜੀਪੀ ਤੋਂ ਪੁੱਛੋ ਕਿ ਕੀ ਤੁਹਾਡਾ ਮੁੱਖ ਦੇਖਭਾਲਕਰਤਾ ਅਤੇ ਨਜ਼ਦੀਕੀ ਪਰਿਵਾਰਕ ਮੈਂਬਰ ਵੀ ਇਹ ਟੀਕੇ ਲਗਵਾ ਸਕਦੇ ਹਨ।

## ਜੇ ਮੈਂ ਵੈਂਟੀਲੇਸ਼ਨ 'ਤੇ ਨਿਰਭਰ ਹੋ ਜਾਵਾਂ ਤਾਂ ਕੀ ਹੋਵੇਗਾ?

ਵੈਂਟੀਲੇਸ਼ਨ 'ਤੇ ਨਿਰਭਰ ਹੋਣ ਦਾ ਮਤਲਬ ਹੈ ਕਿ ਤੁਸੀਂ ਇਸ ਤੋਂ ਬਿਨਾਂ ਹੁਣ ਚੰਗੀ ਤਰ੍ਹਾਂ ਸਾਹ ਨਹੀਂ ਲੈ ਸਕਦੇ। ਇਹ ਕਿਸੇ ਵੀ ਕਿਸਮ ਦੇ ਵੈਂਟੀਲੇਸ਼ਨ ਨਾਲ ਹੋ ਸਕਦਾ ਹੈ, ਪਰ ਸਮਾਂ ਤੁਹਾਡੇ ਲੱਛਣਾਂ ਅਤੇ ਤੁਹਾਡੇ ਦੁਆਰਾ ਵਰਤੀ ਜਾਣ ਵਾਲੀ ਵੈਂਟੀਲੇਸ਼ਨ ਦੀ ਕਿਸਮ ਦੇ ਅਧਾਰ ਤੇ ਵਿਅਕਤੀ ਤੋਂ ਵਿਅਕਤੀ ਵਿੱਚ ਵੱਖਰਾ ਹੁੰਦਾ ਹੈ।

ਜਿਵੇਂ-ਜਿਵੇਂ ਤੁਹਾਡੀਆਂ ਮਾਸਪੇਸ਼ੀਆਂ ਕਮਜ਼ੋਰ ਹੁੰਦੀਆਂ ਹਨ, ਤੁਹਾਡਾ ਆਪਣਾ ਸਾਹ ਮਸ਼ੀਨ ਨੂੰ ਚਾਲੂ ਕਰਨ ਲਈ ਲੋੜੀਂਦਾ ਮਜ਼ਬੂਤ ਨਹੀਂ ਹੋ ਸਕਦਾ। ਜ਼ਿਆਦਾਤਰ ਵੈਂਟੀਲੇਟਰ ਇਸਦਾ ਪਤਾ ਲਗਾ ਸਕਦੇ ਹਨ ਅਤੇ ਸਾਹ ਨਾ ਲੈਣ ਦੀ ਇੱਕ ਨਿਰਧਾਰਤ ਅਵਧੀ ਤੋਂ ਬਾਅਦ, ਆਪਣੇ ਆਪ ਸਾਹ ਦੇ ਕੇ ਆਪਣਾ ਕੰਮ ਸੰਭਾਲ ਸਕਦੇ ਹਨ। ਜੇਕਰ ਵੈਂਟੀਲੇਟਰ ਤੁਹਾਡੇ ਸਾਰੇ ਸਾਹ ਪ੍ਰਦਾਨ ਕਰ ਰਿਹਾ ਹੈ ਕਿਉਂਕਿ ਤੁਸੀਂ ਇਸਨੂੰ ਚਾਲੂ ਨਹੀਂ ਕਰਦੇ, ਤਾਂ ਇਸਨੂੰ ਪੂਰੀ ਤਰ੍ਹਾਂ ਵੈਂਟੀਲੇਟਡ ਹੋਣ ਵਜੋਂ ਜਾਣਿਆ ਜਾਂਦਾ ਹੈ।

ਆਖ਼ਰਕਾਰ, ਜਿਵੇਂ-ਜਿਵੇਂ ਤੁਹਾਡੀਆਂ ਸਾਹ ਲੈਣ ਦੀਆਂ ਜ਼ਰੂਰਤਾਂ ਵਧਦੀਆਂ ਹਨ, ਤੁਹਾਨੂੰ 24-ਘੰਟੇ ਸਹਾਇਤਾ ਦੀ

ਲੋੜ ਹੋ ਸਕਦੀ ਹੈ। ਜੇਕਰ ਤੁਸੀਂ ਘਰ ਵਿੱਚ ਰਹਿਣਾ ਚੁਣਦੇ ਹੋ, ਤਾਂ ਆਮ ਤੌਰ 'ਤੇ ਇੱਕ ਦੇਖਭਾਲ ਪੈਕੇਜ ਦੀ ਲੋੜ ਹੁੰਦੀ ਹੈ। ਮਜ਼ਬੂਤ ਪਰਿਵਾਰਕ ਸਹਾਇਤਾ ਦੇ ਨਾਲ ਵੀ, ਇਸ ਵਿੱਚ ਆਮ ਤੌਰ 'ਤੇ ਸਿਖਲਾਈ ਪ੍ਰਾਪਤ ਦੇਖਭਾਲ ਕਰਮਚਾਰੀ ਸ਼ਾਮਲ ਹੁੰਦੇ ਹਨ।

**"ਮੈਂ ਉਸ ਦੇ ਨਾਲ ਡੇਅ-ਬੈੱਡ ਉੱਤੇ ਸੌਂਦਾ/ਸੌਂਦੀ ਹਾਂ ਤਾਂ ਜੋ ਮੈਂ ਉਸ ਸਮੇਂ ਫੌਰੀ ਤਿਆਰ ਹੋਵਾਂ ਜਦੋਂ ਉਸ ਨੂੰ ਅੱਧੀ ਰਾਤ ਨੂੰ ਆਪਣੇ ਰਿਸਾਵਾਂ ਨੂੰ ਸਾਫ ਕਰਨ (ਕੱਢਣ) ਦੀ ਲੋੜ ਹੁੰਦੀ ਹੈ। ਮੈਂ ਉਸ ਨੂੰ ਕਮਰੇ ਵਿੱਚ ਕਿਸੇ ਵੀ ਸਮੇਂ ਇਕੱਲਾ ਨਹੀਂ ਛੱਡ ਸਕਦਾ/ਸਕਦੀ।"**

ਕੁਝ ਵੈਂਟੀਲੇਟਰਾਂ ਵਿੱਚ ਬਿਲਟ-ਇਨ ਅਲਾਰਮ ਸ਼ਾਮਲ ਹੁੰਦੇ ਹਨ ਤਾਂ ਜੋ ਤੁਹਾਨੂੰ ਮਦਦ ਦੀ ਲੋੜ ਹੋਵੇ ਤਾਂ ਚੇਤਾਵਨੀ ਦਿੱਤੀ ਜਾ ਸਕੇ। ਇਹ ਤਾਂ ਜ਼ਰੂਰੀ ਹੋ ਸਕਦਾ ਹੈ ਜੇਕਰ ਤੁਹਾਡੀ ਬੋਲੀ ਅਤੇ ਸੰਚਾਰ ਪ੍ਰਭਾਵਿਤ ਹੁੰਦਾ ਹੈ।

ਆਪਣੀ ਸਿਹਤ ਅਤੇ ਸਮਾਜਿਕ ਦੇਖਭਾਲ ਟੀਮ ਨੂੰ ਉਹਨਾਂ ਡਿਵਾਈਸਾਂ ਜਾਂ ਪ੍ਰਣਾਲੀਆਂ ਬਾਰੇ ਮਾਰਗਦਰਸ਼ਨ ਲਈ ਪੁੱਛੋ ਜੋ ਮਦਦ ਦੀ ਮੰਗ ਕਰਦੇ ਹਨ ਅਤੇ ਉਹ ਕਿਵੇਂ ਕੰਮ ਕਰਦੇ ਹਨ। ਉਹ ਇਹ ਵੀ ਮੁਲਾਂਕਣ ਕਰ ਸਕਦੇ ਹਨ ਕਿ ਕੀ ਕਿਸੇ ਨੂੰ ਜਲਦੀ ਜਵਾਬ ਦੇਣ ਲਈ ਤੁਹਾਡੇ ਘਰ ਵਿੱਚ ਮੌਜੂਦ ਹੋਣ ਦੀ ਲੋੜ ਹੈ।

## ਜੇਕਰ ਮੈਂ ਵੈਂਟੀਲੇਸ਼ਨ 'ਤੇ ਨਿਰਭਰ ਹੋ ਜਾਂਦਾ ਹਾਂ ਤਾਂ ਮੇਰੇ ਦੇਖਭਾਲਕਰਤਾ ਨੂੰ ਸਹਾਇਤਾ ਕਿਵੇਂ ਮਿਲ ਸਕਦੀ ਹੈ?

ਜਿਵੇਂ-ਜਿਵੇਂ ਤੁਹਾਡੀਆਂ ਜ਼ਰੂਰਤਾਂ ਵਧੇਰੇ ਗੁੰਝਲਦਾਰ ਹੋ ਜਾਂਦੀਆਂ ਹਨ, ਪਰਿਵਾਰਕ ਮੈਂਬਰਾਂ ਅਤੇ ਅਦਾਇਗੀ ਰਹਿਤ ਦੇਖਭਾਲਕਰਤਾਵਾਂ ਨੂੰ ਅਕਸਰ ਵਿਹਾਰਕ ਮਾਰਗਦਰਸ਼ਨ ਅਤੇ ਸਿਖਲਾਈ ਦੀ ਲੋੜ ਹੁੰਦੀ ਹੈ। ਖਾਸ ਕਰਕੇ ਜੇਕਰ ਤੁਹਾਡਾ ਸਾਹ ਪ੍ਰਭਾਵਿਤ ਹੁੰਦਾ ਹੈ ਅਤੇ ਤੁਸੀਂ ਵੈਂਟੀਲੇਸ਼ਨ ਦੀ ਵਰਤੋਂ ਕਰਦੇ ਹੋ। ਉਨ੍ਹਾਂ ਨੂੰ ਭਾਵਨਾਤਮਕ ਸਹਾਇਤਾ ਦੀ ਵੀ ਲੋੜ ਹੋ ਸਕਦੀ ਹੈ, ਅਤੇ ਘਰ ਤੋਂ ਦੂਰ ਆਰਾਮ ਜਾਂ ਹੋਰ ਜ਼ਰੂਰਤਾਂ ਲਈ ਆਰਾਮ ਵਾਲੇ ਬ੍ਰੇਕ ਦੀ ਵੀ ਲੋੜ ਹੋ ਸਕਦੀ ਹੈ।

ਕਿਉਂਕਿ ਸਾਹ ਦੀਆਂ ਜ਼ਰੂਰਤਾਂ ਨਾਲ ਦੇਖਭਾਲ ਤੀਬਰ ਹੋ ਸਕਦੀ ਹੈ, ਕੁਝ ਖੇਤਰ ਸਿਰਫ ਮਾਹਰ ਦੇਖਭਾਲ ਪੈਕੇਜਾਂ ਅਤੇ ਫੰਡਿੰਗ ਦੇ ਨਾਲ ਪੂਰੀ ਘਰੇਲੂ ਸਹਾਇਤਾ ਦੀ ਪੇਸ਼ਕਸ਼ ਕਰ ਸਕਦੇ ਹਨ।

ਜਿਨ੍ਹਾਂ ਗੁੰਝਲਦਾਰ ਮਾਮਲਿਆਂ ਵਿੱਚ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ, ਇੱਕ ਨਰਸਿੰਗ ਹੋਮ ਵਿੱਚ ਜਾਣ ਦਾ ਸੁਝਾਅ ਦਿੱਤਾ ਜਾ ਸਕਦਾ ਹੈ। ਇਹ ਵੱਖ-ਵੱਖ ਖੇਤਰਾਂ ਵਿੱਚ ਵੱਖਰਾ ਹੁੰਦਾ ਹੈ, ਇਸ ਲਈ ਆਪਣੀ ਰੈਸਪੀਰੇਟਰੀ ਟੀਮ ਨੂੰ ਇਹ ਪਤਾ ਲਗਾਉਣ ਲਈ ਕਹੋ ਕਿ ਤੁਹਾਡੇ ਖੇਤਰ ਵਿੱਚ ਕੀ ਉਪਲਬਧ ਹੈ।

**"ਸਾਡੇ ਕੋਲ ਇੱਕ ਨਰਸ ਹੈ ਜੋ ਹਫ਼ਤੇ ਵਿੱਚ ਇੱਕ ਵਾਰ ਉਸਦੇ ਨਾਲ ਰਹਿੰਦੀ ਹੈ ਤਾਂ ਜੋ ਮੈਂ ਜਾ ਕੇ ਦੁਕਾਨ ਚਲਾ ਸਕਾਂ ਜਾਂ ਕਿਸੇ ਵੀ ਮੁਲਾਕਾਤ 'ਤੇ ਜਾ ਸਕਾਂ। ਬਾਕੀ ਸਮਾਂ ਮੈਂ ਘਰ ਤੱਕ ਸੀਮਤ ਰਹਿੰਦੀ ਹਾਂ। ਮੈਂ ਧੁਲਾਈ ਵੀ ਨਹੀਂ ਕਰ ਸਕਦੀ ਕਿਉਂਕਿ ਮੈਂ ਉਸਦੇ ਕਿਸੇ ਵੀ ਐਮਰਜੈਂਸੀ ਅਲਾਰਮ ਨੂੰ ਸੁਣ ਨਹੀਂ ਸਕਾਂਗੀ।"**

## ਕੀ ਮੈਂ ਇਹ ਚੁਣ ਸਕਦਾ ਹਾਂ ਕਿ ਵੈਂਟੀਲੇਸ਼ਨ ਦੀ ਵਰਤੋਂ ਕਰਨੀ ਹੈ ਜਾਂ ਨਹੀਂ?

ਹਾਂ। ਇਹ ਤੁਹਾਡਾ ਫੈਸਲਾ ਹੈ ਕਿ ਵੈਂਟੀਲੇਸ਼ਨ ਦੀ ਵਰਤੋਂ ਕਰਨੀ ਹੈ ਜਾਂ ਨਹੀਂ। ਹਰ ਕਿਸੇ ਦੀਆਂ ਆਪਣੀਆਂ ਸਥਿਤੀਆਂ ਦਾ ਪ੍ਰਬੰਧਨ ਕਰਨ ਬਾਰੇ ਵੱਖੋ-ਵੱਖਰੀਆਂ ਭਾਵਨਾਵਾਂ ਹੁੰਦੀਆਂ ਹਨ।

ਕੁਝ ਲੋਕ ਵਧਦੀ ਅਪੰਗਤਾ ਦੇ ਅਨੁਕੂਲ ਹੋ ਜਾਂਦੇ ਹਨ ਅਤੇ ਜਿੰਨਾ ਸੰਭਵ ਹੋ ਸਕੇ ਜੀਵਨ ਸਮਾਂ ਵਧਾਉਣਾ ਚਾਹੁੰਦੇ ਹਨ। ਹਾਲਾਂਕਿ, ਤੁਸੀਂ ਆਪਣੀਆਂ ਪਸੰਦਾਂ ਅਤੇ ਵਿਸ਼ਵਾਸਾਂ ਦੇ ਆਧਾਰ 'ਤੇ ਇੱਕ ਵੱਖਰੀ ਚੋਣ ਕਰ ਸਕਦੇ ਹੋ।

**"ਇਹ ਜਾਣਨਾ ਮਹੱਤਵਪੂਰਨ ਹੈ ਕਿ ਵੈਂਟੀਲੇਸ਼ਨ MND ਨਾਲ ਜਿਊਣ ਦੀ ਆਸ ਵਿੱਚ ਵਾਧਾ ਕਰ ਸਕਦੀ ਹੈ, ਸਾਡੇ ਮਾਮਲੇ ਵਿੱਚ, ਮੇਰੇ ਪਤੀ ਆਪਣੀ ਜ਼ਿੰਦਗੀ ਨੂੰ ਹੋਰ ਨਹੀਂ ਵਧਾਉਣਾ ਚਾਹੁੰਦੇ ਸਨ।"**

ਕੋਈ ਸਹੀ ਜਾਂ ਗਲਤ ਜਵਾਬ ਨਹੀਂ ਹੁੰਦਾ, ਅਤੇ ਤੁਹਾਡੇ ਫੈਸਲੇ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਆਪਣੀ ਟੀਮ ਨਾਲ ਸਾਰੇ ਵਿਕਲਪਾਂ 'ਤੇ ਚਰਚਾ ਕਰਨ ਨਾਲ ਤੁਹਾਨੂੰ ਉਹ ਚੋਣਾਂ ਕਰਨ ਵਿੱਚ ਮਦਦ ਮਿਲ ਸਕਦੀ ਹੈ ਜੋ ਤੁਹਾਡੇ ਲਈ ਸਹੀ ਮਹਿਸੂਸ ਹੁੰਦੀਆਂ ਹਨ। ਜੇਕਰ ਤੁਸੀਂ ਵੈਂਟੀਲੇਸ਼ਨ ਦੀ ਵਰਤੋਂ ਨਾ ਕਰਨ ਦੀ ਚੋਣ ਕਰਦੇ ਹੋ, ਤਾਂ ਸਾਹ ਲੈਣ ਦੇ ਲੱਛਣਾਂ ਨੂੰ ਘੱਟ ਕਰਨ ਦੇ ਹੋਰ ਤਰੀਕੇ ਵੀ ਹਨ।

ਸਾਹ ਲੈਣ ਦੇ ਇਲਾਜ, ਭਵਿੱਖ ਦੀ ਦੇਖਭਾਲ ਅਤੇ MND ਦੇ ਬਾਅਦ ਦੇ ਪੜਾਵਾਂ ਬਾਰੇ ਹੋਰ ਜਾਣਕਾਰੀ ਲਈ, ਵੇਖੋ:

– ਜਾਣਕਾਰੀ ਸ਼ੀਟ: **8A ਸਾਹ ਲੈਣ ਦੀਆਂ ਸਮੱਸਿਆਵਾਂ ਲਈ ਸਹਾਇਤਾ**
– ਸਾਡੀ ਗਾਈਡ: **ਜੀਵਨ ਦੇ ਅੰਤਲੇ ਸਮੇਂ ਦੀ ਦੇਖਭਾਲ।**

ਤੁਹਾਡੀ ਰੈਸਪੀਰੇਟਰੀ ਟੀਮ, ਫਿਜ਼ੀਓਥੈਰੇਪਿਸਟ, ਜਾਂ ਪੈਲੀਏਟਿਵ ਕੇਅਰ ਟੀਮ ਇਸ ਬਾਰੇ ਸਲਾਹ ਦੇ ਸਕਦੀ ਹੈ:

– ਸਾਹ ਲੈਣ ਦੀਆਂ ਕਸਰਤਾਂ
– ਆਪਣੀ ਛਾਤੀ ਨੂੰ ਸਾਫ਼ ਕਰਨ ਅਤੇ ਖੰਘਣ ਵਿੱਚ ਤੁਹਾਡੀ ਮਦਦ ਕਰਨ ਦੇ ਤਰੀਕੇ
– ਸਰੀਰਕ-ਮੁਦਰਾ ਅਤੇ ਸਰੀਰਕ ਸਥਿਤੀ ਬਾਰੇ ਮਾਰਗਦਰਸ਼ਨ
– ਆਰਾਮ ਕਰਨ ਦੀਆਂ ਤਕਨੀਕਾਂ, ਟਾਕਿੰਗ ਥੈਰੇਪੀਆਂ ਜਾਂ ਸਲਾਹ
– ਸਾਹ ਲੈਣ ਵਿੱਚ ਤਕਲੀਫ਼ ਜਾਂ ਚਿੰਤਾ ਨੂੰ ਘੱਟ ਕਰਨ ਲਈ ਦਵਾਈ।

ਸਾਹ ਲੈਣ ਦੀਆਂ ਥੈਰੇਪੀਆਂ ਅਤੇ ਵੈਂਟੀਲੇਸ਼ਨ ਸਹਾਇਤਾ ਤੁਹਾਨੂੰ ਵਧੇਰੇ ਆਰਾਮਦਾਇਕ ਮਹਿਸੂਸ ਕਰਨ ਵਿੱਚ ਮਦਦ ਕਰ ਸਕਦੀ ਹੈ। ਹਾਲਾਂਕਿ, ਜਿਵੇਂ-ਜਿਵੇਂ ਤੁਹਾਡੀਆਂ ਮਾਸਪੇਸ਼ੀਆਂ ਕਮਜ਼ੋਰ ਹੋ ਜਾਂਦੀਆਂ ਹਨ, MND ਦੇ ਲੱਛਣ ਸਮੇਂ ਦੇ ਨਾਲ ਵਿਗੜਦੇ ਜਾਂਦੇ ਹਨ।

## 3. ਮੈਨੂੰ ਗੈਰ-ਦਾਖਲਾਕਾਰੀ ਵੈਂਟੀਲੇਸ਼ਨ ਬਾਰੇ ਕੀ ਜਾਣਨ ਦੀ ਜ਼ਰੂਰਤ ਹੈ?

MND ਵਾਲੇ ਲੋਕਾਂ ਲਈ ਗੈਰ-ਦਾਖਲਾਕਾਰੀ ਵੈਂਟੀਲੇਸ਼ਨ (NIV) ਵੈਂਟੀਲੇਸ਼ਨ ਦਾ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਰੂਪ ਹੈ। ਇਹ ਤੁਹਾਡੇ ਫੇਫੜਿਆਂ ਦੇ ਅੰਦਰ ਅਤੇ ਬਾਹਰ ਹਵਾ ਦੇ ਪ੍ਰਵਾਹ ਨੂੰ ਹੌਲੀ-ਹੌਲੀ ਵਧਾ ਕੇ ਤੁਹਾਡੇ ਸਾਹ ਲੈਣ ਵਿੱਚ ਮਦਦ ਕਰਦਾ ਹੈ। ਇਹ ਆਮ ਤੌਰ 'ਤੇ ਇੱਕ ਮਾਸਕ ਰਾਹੀਂ ਕੀਤਾ ਜਾਂਦਾ ਹੈ ਜੋ ਤੁਹਾਡੀ ਨੱਕ, ਜਾਂ ਤੁਹਾਡੇ ਨੱਕ ਅਤੇ ਮੂੰਹ ਦੋਵਾਂ 'ਤੇ ਫਿੱਟ ਹੁੰਦਾ ਹੈ।

ਕਈ ਤਰ੍ਹਾਂ ਦੇ ਮਾਸਕ ਉਪਲਬਧ ਹਨ। ਜੇਕਰ ਤੁਹਾਨੂੰ ਲੱਗਦਾ ਹੈ ਕਿ ਉਹ ਬੇਆਰਾਮੀ ਕਰਦੇ ਹਨ ਜਾਂ ਪ੍ਰਬੰਧਨ ਵਿੱਚ ਮੁਸ਼ਕਲ ਹਨ, ਤਾਂ ਨੱਕ ਦੇ ਸਿਰਹਾਣੇ (nasal pillows) ਇੱਕ ਵਿਕਲਪ ਹੋ ਸਕਦੇ ਹਨ। ਇਹ ਨਰਮ ਟਿਊਬਾਂ ਹਨ ਜੋ ਨਾਸਾਂ ਦੇ ਅੰਦਰ ਬੈਠਦੀਆਂ ਹਨ ਅਤੇ ਸਿਰ ਦੀਆਂ ਪੱਟੀਆਂ ਦੁਆਰਾ ਜਗ੍ਹਾ 'ਤੇ ਰੱਖੀਆਂ ਜਾਂਦੀਆਂ ਹਨ।

ਤੁਹਾਡਾ ਮਾਸਕ ਟਿਊਬਿੰਗ ਦੁਆਰਾ ਵੈਂਟੀਲੇਟਰ ਮਸ਼ੀਨ ਨਾਲ ਜੁੜਦਾ ਹੈ, ਜੋ ਕਿ ਬਿਜਲੀ, ਬੈਟਰੀ ਜਾਂ ਦੋਵਾਂ

ਦੁਆਰਾ ਸੰਚਾਲਿਤ ਹੈ। ਜਦੋਂ ਤੁਸੀਂ ਸਾਹ ਲੈਂਦੇ ਹੋ, ਤਾਂ ਵੈਂਟੀਲੇਸ਼ਨ ਤੁਹਾਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਸਾਹ ਲੈਣ ਵਿੱਚ ਮਦਦ ਕਰਨ ਲਈ ਹਵਾ ਦਾ ਵਾਧਾ ਪ੍ਰਦਾਨ ਕਰਦੀ ਹੈ।

ਤੁਹਾਡੇ ਮਾਸਕ ਅਤੇ ਵੈਂਟੀਲੇਟਰ ਸੈਟਿੰਗਾਂ ਨੂੰ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਐਡਜਸਟ ਕੀਤਾ ਜਾ ਸਕਦਾ ਹੈ। ਇਹ ਆਮ ਤੌਰ 'ਤੇ ਹਸਪਤਾਲ ਵਿੱਚ ਇੱਕ ਬਾਹਰੀ ਮਰੀਜ਼ ਵਜੋਂ ਕੀਤਾ ਜਾਂਦਾ ਹੈ, ਪਰ ਕੁਝ ਸੇਵਾਵਾਂ ਘਰ ਦੇ ਦੌਰੇ ਦੀ ਪੇਸ਼ਕਸ਼ ਕਰ ਸਕਦੀਆਂ ਹਨ ਜੇਕਰ ਤੁਹਾਨੂੰ ਯਾਤਰਾ ਕਰਨਾ ਮੁਸ਼ਕਲ ਲੱਗਦਾ ਹੈ।

ਤੁਸੀਂ ਘਰ ਵਿੱਚ ਕੁਝ ਮਾਮੂਲੀ ਸਮਾਯੋਜਨ ਵੀ ਕਰ ਸਕਦੇ ਹੋ, ਜਿਵੇਂ ਕਿ ਮਾਸਕ ਦੀਆਂ ਪੱਟੀਆਂ ਫਿੱਟ ਹੋਣ ਦਾ ਤਰੀਕਾ ਬਦਲ ਸਕਦੇ ਹੋ। ਤੁਹਾਨੂੰ ਇਸ ਬਾਰੇ ਮਾਰਗਦਰਸ਼ਨ ਦਿੱਤਾ ਜਾਵੇਗਾ ਕਿ ਤੁਸੀਂ ਜਾਂ ਤੁਹਾਡਾ ਦੇਖਭਾਲਕਰਤਾ ਕੀ ਕਰ ਸਕਦਾ ਹੈ।

ਕੁਝ ਵੈਂਟੀਲੇਟਰ ਸੈਟਿੰਗਾਂ ਤੁਹਾਡੀ ਰੈਸਪੀਰੇਟਰੀ ਟੀਮ ਦੁਆਰਾ ਰਿਮੋਟਲੀ ਐਡਜਸਟ ਕੀਤੀਆਂ ਜਾ ਸਕਦੀਆਂ ਹਨ, ਭਾਵੇਂ ਤੁਸੀਂ ਨਜ਼ਦੀਕੀ ਹਸਪਤਾਲ ਤੋਂ ਬਹੁਤ ਦੂਰ ਰਹਿੰਦੇ ਹੋ। ਆਪਣੀ ਸਿਹਤ ਸੰਭਾਲ ਟੀਮ ਨੂੰ ਆਪਣੇ ਖੇਤਰ ਵਿੱਚ ਉਪਲਬਧ ਉਪਕਰਣਾਂ ਅਤੇ ਸਹਾਇਤਾ ਬਾਰੇ ਪੁੱਛੋ।

**"ਆਪਣੇ [NIV] ਵੈਂਟੀਲੇਟਰ ਨੂੰ 24 ਘੰਟੇ ਪਹਿਨਣ ਨਾਲ ਮੈਨੂੰ ਉਹ ਜੀਵਨ ਜੀਣ ਦੀ ਆਗਿਆ ਮਿਲਦੀ ਹੈ ਜਿਸਨੂੰ ਮੈਂ 'ਆਮ' ਜੀਵਨ ਕਹਿੰਦਾ ਹਾਂ ਅਤੇ ਮੈਨੂੰ ਉਹ ਕਰਨ ਤੋਂ ਨਹੀਂ ਰੋਕਦਾ ਜੋ ਮੈਂ ਕਰਨਾ ਚਾਹੁੰਦਾ ਹਾਂ।"**

## NICE ਦਿਸ਼ਾ-ਨਿਰਦੇਸ਼ NIV ਬਾਰੇ ਕੀ ਕਹਿੰਦੇ ਹਨ?

ਨੈਸ਼ਨਲ ਇੰਸਟੀਚਿਊਟ ਫਾਰ ਹੈਲਥ ਐਂਡ ਕੇਅਰ ਐਕਸੀਲੈਂਸ (NICE) ਖਾਸ ਸਥਿਤੀਆਂ ਦਾ ਸਮਰਥਨ ਕਰਨ ਵਾਲੇ ਸਿਹਤ ਅਤੇ ਸਮਾਜਿਕ ਦੇਖਭਾਲ ਪੇਸ਼ੇਵਰਾਂ ਦੀ ਮਦਦ ਕਰਨ ਲਈ ਦਿਸ਼ਾ-ਨਿਰਦੇਸ਼ ਤਿਆਰ ਕਰਦਾ ਹੈ।

ਮੋਟਰ ਨਿਊਰੋਨ ਬਿਮਾਰੀ ਦੇ ਪ੍ਰਬੰਧਨ ਲਈ ਦਿਸ਼ਾ-ਨਿਰਦੇਸ਼ NG42 ਮਾਸਪੇਸ਼ੀਆਂ ਦੀ ਕਮਜ਼ੋਰੀ ਕਾਰਨ ਸਾਹ ਲੈਣ ਵਿੱਚ ਮੁਸ਼ਕਲ ਆਉਣ 'ਤੇ NIV ਦੀ ਸਿਫ਼ਾਰਸ਼ ਕਰਦਾ ਹੈ।

NICE ਦਿਸ਼ਾ-ਨਿਰਦੇਸ਼ ਬਾਰੇ ਹੋਰ ਜਾਣਕਾਰੀ ਲਈ, ਵੇਖੋ:
- ਜਾਣਕਾਰੀ ਸ਼ੀਟ: **1A ਮੋਟਰ ਨਿਊਰੋਨ ਬਿਮਾਰੀ 'ਤੇ NICE ਦਿਸ਼ਾ-ਨਿਰਦੇਸ਼**
- ਸਾਡੀ ਜੇਬ ਗਾਈਡ: **ਤੁਹਾਨੂੰ ਆਪਣੀ ਦੇਖਭਾਲ ਤੋਂ ਕੀ ਉਮੀਦ ਕਰਨੀ ਚਾਹੀਦੀ ਹੈ।**

## NIV ਦੇ ਸੰਭਾਵੀ ਲਾਭ

ਜ਼ਿਆਦਾਤਰ ਲੋਕਾਂ ਲਈ, NIV ਇਹਨਾਂ ਦੁਆਰਾ ਮਦਦ ਕਰਦਾ ਹੈ:

- ਸਾਹ ਲੈਣ ਵਿੱਚ ਤਕਲੀਫ਼, ਨੀਂਦ ਵਿੱਚ ਵਿਘਨ, ਥਕਾਵਟ ਅਤੇ ਸਵੇਰ ਦੇ ਸਿਰ ਦਰਦ ਵਰਗੇ ਲੱਛਣਾਂ ਨੂੰ ਘੱਟ ਕਰਨਾ
- ਜੀਵਨ ਦੀ ਗੁਣਵੱਤਾ ਅਤੇ ਊਰਜਾ ਦੇ ਪੱਧਰਾਂ ਵਿੱਚ ਸੁਧਾਰ ਕਰਨਾ
- ਜੀਵਨ ਬਚਾਅ ਦੇ ਸਮੇਂ ਨੂੰ ਵਧਾਉਣਾ
- ਸਰਜਰੀ ਦੀ ਲੋੜ ਤੋਂ ਬਿਨਾਂ ਸਾਹ ਲੈਣ ਵਿੱਚ ਸਹਾਇਤਾ ਦੇਣਾ
- MND ਦੇ ਸ਼ੁਰੂਆਤੀ ਪੜਾਵਾਂ ਵਿੱਚ ਪਾਰਟ-ਟਾਈਮ ਵਰਤੋਂ ਨੂੰ ਆਸਾਨ ਬਣਾਉਣਾ
- ਸਭ ਤੋਂ ਆਰਾਮਦਾਇਕ ਫਿੱਟ ਲੱਭਣ ਲਈ ਮਾਸਕ ਦੀ ਇੱਕ ਸ਼੍ਰੇਣੀ ਦੀ ਪੇਸ਼ਕਸ਼ ਕਰਨਾ

– ਜੇਕਰ ਤੁਹਾਡੀ ਆਵਾਜ਼ ਕਮਜ਼ੋਰ ਹੋ ਗਈ ਹੈ ਤਾਂ ਇਸਨੂੰ ਵਧੇਰੇ ਆਵਾਜ਼ ਦੇਣਾ
– ਬੈਟਰੀ ਦੀ ਵਰਤੋਂ ਨਾਲ ਘਰ ਵਿੱਚ ਜਾਂ ਯਾਤਰਾ ਕਰਦੇ ਸਮੇਂ ਘੁੰਮਣ-ਫਿਰਨ ਵਿੱਚ ਆਸਾਨੀ ਨੂੰ ਸਮਰੱਥ ਬਣਾਉਣਾ।

ਵੈਂਟੀਲੇਸ਼ਨ ਨਾਲ ਯਾਤਰਾ ਕਰਨ ਬਾਰੇ ਹੋਰ ਜਾਣਕਾਰੀ ਲਈ, ਵੇਖੋ:
– ਜਾਣਕਾਰੀ ਸ਼ੀਟ: **8D ਹਵਾਈ ਯਾਤਰਾ ਅਤੇ ਵੈਂਟੀਲੇਸ਼ਨ**
– ਸਾਡੀ ਕਿਤਾਬਚਾ: **ਘੁੰਮਣਾ-ਫਿਰਨਾ**

**"ਮੇਰੇ NHS NIV ਪੰਪ ਵਿਸ਼ਲੇਸ਼ਣ ਲਈ ਮੇਰੀ ਵੈਂਟੀਲੇਸ਼ਨ ਟੀਮ ਨੂੰ ਡੇਟਾ ਭੇਜਦੇ ਹਨ। ਜਾਂਚ-ਨਤੀਜਿਆਂ ਦੇ ਆਧਾਰ 'ਤੇ, ਉਹ ਕਿਸੇ ਵੀ ਸੈਟਿੰਗਾਂ ਨੂੰ ਵਿਵਸਥਿਤ ਕਰ ਸਕਦੇ ਹਨ - ਇਸ ਵਿੱਚ ਇਹ ਵੀ ਸ਼ਾਮਲ ਹੈ ਕਿ ਹਵਾ ਵਿੱਚ ਨਮੀ ਕਿੰਝ ਹੈ!"**

## NIV ਨਾਲ ਸੋਚਣ ਬਾਰੇ ਗੱਲਾਂ

NIV ਕਾਰਨ ਇਹ ਹੋ ਸਕਦਾ ਹੈ:

– ਮਾਸਕ ਦੇ ਆਲੇ-ਦੁਆਲੇ ਹਵਾ ਲੀਕ ਹੋ ਸਕਦੀ ਹੈ ਜਿਸ ਨਾਲ ਮਾਸਕ ਦੇ ਦਬਾਅ ਕਾਰਨ ਅੱਖਾਂ ਵਿੱਚ ਜਲਣ ਜਾਂ ਚਮੜੀ ਵਿੱਚ ਦਰਦ ਹੋ ਸਕਦਾ ਹੈ
– ਜੇਕਰ ਤੁਸੀਂ ਕਲੋਸਟ੍ਰੋਫੋਬਿਕ ਹੋ ਤਾਂ ਚਿੰਤਾ ਹੋ ਸਕਦੀ ਹੈ
– ਮੂੰਹ ਸੁੱਕਾ, ਜਾਂ ਬੰਦ ਜਾਂ ਵਗਦਾ ਨੱਕ
– ਖਾਣ ਜਾਂ ਪੀਣ ਵੇਲੇ ਤੁਹਾਡੇ ਸਾਹ ਨਾਲੀਆਂ ਵਿੱਚ ਭੋਜਨ ਜਾਂ ਪੀਣ ਵਾਲੇ ਪਦਾਰਥ ਦੇ ਦਾਖਲ ਹੋਣ ਦਾ ਵੱਧ ਖ਼ਤਰਾ (ਐਸਪੀਰੇਸ਼ਨ)
– ਆਮ ਨਾਲੋਂ ਜ਼ਿਆਦਾ ਹਵਾ ਨਿਗਲਣੀ ਪੈਂਦੀ ਹੈ, ਜਿਸ ਨਾਲ ਤੁਸੀਂ ਪੇਟ ਭਰਿਆ ਜਾਂ ਫੁੱਲਿਆ ਹੋਇਆ ਮਹਿਸੂਸ ਕਰਦੇ ਹੋ
– ਇਸਦੇ ਮਹਿਸੂਸ ਹੋਣ ਅਤੇ ਹਵਾ ਦੇ ਪ੍ਰਵਾਹ ਦੀ ਆਦਤ ਪਾਉਣ ਵੇਲੇ ਕੁਝ ਬੇਅਰਾਮੀ
– MND ਦੇ ਬਾਅਦ ਦੇ ਪੜਾਵਾਂ ਵਿੱਚ NIV 'ਤੇ ਨਿਰਭਰ ਕਰਦੇ ਸਮੇਂ ਦੇਖਭਾਲ ਦੀਆਂ ਜ਼ਰੂਰਤਾਂ ਵਿੱਚ ਵਾਧਾ
– ਕੁਦਰਤੀ ਬੋਲਣ ਦੀ ਤਾਲ ਵਿੱਚ ਬਦਲਾਅ
– ਮਸ਼ੀਨ ਤੋਂ ਆਉਂਦੀ ਕੁਝ ਆਵਾਜ਼, ਜਿਸਦੇ ਅਨੁਕੂਲ ਹੋਣ ਵਿੱਚ ਸਮਾਂ ਲੱਗ ਸਕਦਾ ਹੈ, ਖਾਸ ਕਰਕੇ ਉਸੇ ਕਮਰੇ ਵਿੱਚ ਕਿਸੇ ਹੋਰ ਲਈ ਵਿਅਕਤੀ ਲਈ।

## NIV ਨਾਲ ਕਿਹੜੀ ਬਾਅਦ ਦੀ ਦੇਖਭਾਲ ਦੀ ਲੋੜ ਹੈ?

ਤੁਹਾਡੀ ਰੈਸਪੀਰੇਟਰੀ ਟੀਮ ਤੁਹਾਨੂੰ ਉਪਕਰਣਾਂ ਦੀ ਵਰਤੋਂ ਕਰਨ ਦੇ ਅਨੁਕੂਲ ਹੋਣ ਵਿੱਚ ਮਦਦ ਕਰ ਸਕਦੀ ਹੈ।

ਹਰ ਕਿਸੇ ਦੀਆਂ ਜ਼ਰੂਰਤਾਂ ਵੱਖਰੀਆਂ ਹੁੰਦੀਆਂ ਹਨ, ਪਰ ਬਾਅਦ ਦੀ ਦੇਖਭਾਲ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

– ਆਰਾਮ ਨੂੰ ਬਿਹਤਰ ਬਣਾਉਣ ਜਾਂ ਹਵਾ ਦੇ ਲੀਕ ਨੂੰ ਘਟਾਉਣ ਲਈ ਮਾਸਕ ਜਾਂ ਪੱਟੀਆਂ ਨੂੰ ਐਡਜਸਟ ਕਰਨਾ, ਜਿਸ ਵਿੱਚ ਵਾਰੀ ਨਾਲ ਵੱਖ-ਵੱਖ ਮਾਸਕ ਵਰਤਣਾ ਸ਼ਾਮਲ ਹੈ
– ਖੰਘ ਦੀਆਂ ਤਕਨੀਕਾਂ ਸਿੱਖਣਾ ਜਾਂ ਖੰਘਣ ਵਿੱਚ ਮਦਦ ਕਰਨ ਲਈ ਮਸ਼ੀਨ ਦੀ ਵਰਤੋਂ ਕਿਵੇਂ ਕਰਨੀ ਹੈ, ਤਾਂ ਜੋ ਤੁਸੀਂ ਬਲਗ਼ਮ ਜਾਂ ਲਾਰ ਨੂੰ ਸਾਫ਼ ਕਰ ਸਕੋ
– ਜੇ ਹਵਾ ਦੇ ਲੀਕ ਕਾਰਨ ਖੁਸ਼ਕੀ ਜਾਂ ਜਲਣ ਹੁੰਦੀ ਹੈ ਤਾਂ ਅੱਖਾਂ ਵਿੱਚ ਪਾਏ ਜਾਣ ਵਾਲੇ ਤੁਪਕਿਆਂ ਦੀ ਵਰਤੋਂ ਕਰਨਾ

– ਹਵਾ ਦੇ ਪ੍ਰਵਾਹ ਵਿੱਚ ਨਮੀ ਜੋੜਨ ਅਤੇ ਸੁੱਕੇ ਮੂੰਹ ਜਾਂ ਬੰਦ ਨੱਕ ਨੂੰ ਘਟਾਉਣ ਲਈ ਵੈਂਟੀਲੇਟਰ ਵਿੱਚ ਇੱਕ ਹਿਊਮਿਡੀਫਾਇਰ ਜੋੜਨਾ
– ਸੁੱਕੇ ਮੂੰਹ, ਮੋਟੀ ਜਾਂ ਚਿਪਚਿਪੀ ਲਾਰ ਅਤੇ ਕਬਜ਼ ਵਿੱਚ ਮਦਦ ਕਰਨ ਲਈ ਵਧੇਰੇ ਤਰਲ ਪਦਾਰਥ ਪੀਣਾ (ਕੁਝ ਲੋਕਾਂ ਨੂੰ ਅਨਾਨਾਸ ਦਾ ਜੂਸ ਮਦਦਗਾਰ ਲੱਗਦਾ ਹੈ)
– ਨਿਗਲਣ ਅਤੇ ਸੰਚਾਰ ਬਾਰੇ ਇੱਕ ਸਪੀਚ ਅਤੇ ਲੈਂਗੁਏਜ਼ ਥੈਰੇਪਿਸਟ ਤੋਂ ਸਲਾਹ
– ਆਪਣੀ ਟੀਮ ਨੂੰ ਨਿਗਲੀ ਜਾਣ ਵਾਲੀ ਹਵਾ ਤੋਂ ਹੋਣ ਵਾਲੇ ਅਫਾਰੇ ਨੂੰ ਘਟਾਉਣ ਲਈ ਆਪਣੇ ਵੈਂਟੀਲੇਟਰ ਨੂੰ ਐਡਜਸਟ ਕਰਨ ਲਈ ਕਹਿਣਾ
– ਤੁਹਾਡੇ ਸਿਸਟਮ ਵਿੱਚੋਂ ਫਸੀ ਹੋਈ ਹਵਾ ਨੂੰ ਲੰਘਣ ਵਿੱਚ ਮਦਦ ਕਰਨ ਲਈ ਕੋਮਲ ਸਰੀਰਕ ਹਰਕਤਾਂ ਜਾਂ ਸਹਾਇਤਾ ਪ੍ਰਾਪਤ ਪੁਨਰ-ਸਥਿਤੀ (ਕੁਝ ਲੋਕਾਂ ਨੂੰ ਪੁਦੀਨੇ ਦਾ ਪਾਣੀ ਮਦਦਗਾਰ ਲੱਗਦਾ ਹੈ)
– ਚਿੰਤਾ ਜਾਂ ਘਬਰਾਹਟ ਦੀਆਂ ਕਿਸੇ ਵੀ ਭਾਵਨਾਵਾਂ ਲਈ ਸਹਾਇਤਾ।

## NIV ਨਾਲ ਸਮੇਂ ਦੇ ਨਾਲ ਕੀ ਹੁੰਦਾ ਹੈ?

ਪਹਿਲਾਂ, ਤੁਹਾਨੂੰ ਸਿਰਫ਼ ਰਾਤ ਨੂੰ NIV ਦੀ ਵਰਤੋਂ ਕਰਨ ਦੀ ਲੋੜ ਹੋ ਸਕਦੀ ਹੈ। ਇਹ ਤੁਹਾਡੇ ਸਾਹ, ਨੀਂਦ ਦੀ ਗੁਣਵੱਤਾ ਅਤੇ ਦਿਨ ਦੌਰਾਨ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ, ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦਾ ਹੈ। ਸਮੇਂ ਦੇ ਨਾਲ, ਜਿਵੇਂ-ਜਿਵੇਂ ਬਿਮਾਰੀ ਵਧਦੀ ਜਾਂਦੀ ਹੈ, ਤੁਹਾਨੂੰ ਲੱਛਣਾਂ ਤੋਂ ਰਾਹਤ ਪਾਉਣ ਲਈ ਦਿਨ ਵੇਲੇ ਵੀ ਇਸਦੀ ਵਰਤੋਂ ਕਰਨ ਦੀ ਲੋੜ ਪੈ ਸਕਦੀ ਹੈ।

**"ਮੈਂ ਹਰ ਰੋਜ਼ ਸਿਰਫ਼ ਇੱਕ ਘੰਟੇ ਲਈ NIV ਦੀ ਵਰਤੋਂ ਸ਼ੁਰੂ ਕੀਤੀ ਅਤੇ ਹੌਲੀ-ਹੌਲੀ ਆਪਣੀ ਵਰਤੋਂ ਵਧਾ ਦਿੱਤੀ, ਇਸ ਲਈ ਜਦੋਂ ਮੈਨੂੰ ਇਸਨੂੰ ਸਾਰੀ ਰਾਤ ਵਰਤਣ ਦੀ ਲੋੜ ਪਈ ਤਾਂ ਮੈਨੂੰ ਇਹ ਆਸਾਨ ਲੱਗਿਆ।"**

ਆਖ਼ਰਕਾਰ, ਤੁਸੀਂ NIV 'ਤੇ ਨਿਰਭਰ ਹੋ ਸਕਦੇ ਹੋ। ਇਸਦਾ ਮਤਲਬ ਹੈ ਕਿ ਤੁਹਾਨੂੰ ਇਸਨੂੰ ਹਰ ਸਮੇਂ ਵਰਤਣ ਦੀ ਲੋੜ ਹੈ ਕਿਉਂਕਿ ਤੁਸੀਂ ਆਪਣੇ ਆਪ ਸਾਹ ਨਹੀਂ ਲੈ ਸਕੋਗੇ। ਹਰ ਕਿਸੇ ਦਾ ਤਜਰਬਾ ਵੱਖਰਾ ਹੁੰਦਾ ਹੈ ਅਤੇ ਅਜਿਹਾ ਹੋਣ ਵਿੱਚ ਲੱਗਣ ਵਾਲਾ ਸਮਾਂ ਵੱਖਰਾ ਹੁੰਦਾ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਤੁਹਾਨੂੰ ਲੋੜ ਹੋਵੇਗੀ:

– ਇੱਕ ਬੈਕ-ਅੱਪ ਵੈਂਟੀਲੇਟਰ ਜੇਕਰ ਤੁਹਾਡਾ ਵੈਂਟੀਲੇਟਰ ਖ਼ਰਾਬ ਹੋ ਜਾਵੇ
– ਇੱਕ ਮਸ਼ੀਨ ਜੋ ਬਿਜਲੀ ਕੱਟਾਂ ਦੀ ਸਥਿਤੀ ਵਿੱਚ ਬੈਟਰੀ ਪਾਵਰ 'ਤੇ ਚੱਲ ਸਕਦੀ ਹੈ
– ਵਾਧੂ ਦੇਖਭਾਲ ਸਹਾਇਤਾ, ਜਿਸ ਵਿੱਚ ਰਾਤ ਭਰ ਮਦਦ ਸ਼ਾਮਲ ਹੈ।

ਸੈਕਸ਼ਨ 5 ਦੇਖੋ: **ਮੈਂ ਆਪਣੇ ਵੈਂਟੀਲੇਸ਼ਨ ਉਪਕਰਣਾਂ ਦੀ ਦੇਖਭਾਲ ਕਿਵੇਂ ਕਰਾਂ?** ਬਿਜਲੀ ਕੱਟ ਦੌਰਾਨ ਕੀ ਕਰਨਾ ਹੈ ਇਸ ਬਾਰੇ ਸੁਝਾਵਾਂ ਲਈ।

# 4. ਮੈਨੂੰ ਟ੍ਰੈਕ ਵੈਂਟੀਲੇਸ਼ਨ ਬਾਰੇ ਕੀ ਜਾਣਨ ਦੀ ਲੋੜ ਹੈ?

ਟ੍ਰੈਕ ਵੈਂਟੀਲੇਸ਼ਨ (ਟ੍ਰੈਕਿਓਸਟੋਮੀ ਵੈਂਟੀਲੇਸ਼ਨ), ਤੁਹਾਡੀ ਸਾਹ ਵਾਲੀ ਹਵਾ ਦੀ ਪਾਈਪ ਵਿੱਚ ਇੱਕ ਟਿਊਬ ਰਾਹੀਂ ਹਵਾ ਭੇਜ ਕੇ ਸਾਹ ਲੈਣ ਦਾ ਸਮਰਥਨ ਕਰਦੀ ਹੈ। ਇਹ ਟਿਊਬ ਤੁਹਾਡੀ ਗਰਦਨ ਦੇ ਸਾਹਮਣੇ ਬਣੇ ਇੱਕ ਛੋਟੇ ਜਿਹੇ ਰਸਤੇ ਰਾਹੀਂ ਪਾਈ ਜਾਂਦੀ ਹੈ।

ਇਹ ਟਿਊਬ ਇੱਕ ਵੈਂਟੀਲੇਟਰ ਮਸ਼ੀਨ ਨਾਲ ਜੁੜੀ ਹੁੰਦੀ ਹੈ, ਜੋ ਬਿਜਲੀ, ਬੈਟਰੀ ਪਾਵਰ 'ਤੇ ਚੱਲਦੀ ਹੈ, ਜਾਂ ਦੋਵਾਂ 'ਤੇ ਚੱਲ ਸਕਦੀ ਹੈ। ਤੁਹਾਡੇ ਸਾਹ ਲੈਣ ਵਿੱਚ ਸਹਾਇਤਾ ਕਰਨ ਦੇ ਨਾਲ-ਨਾਲ, ਟ੍ਰੈਕ ਵੈਂਟੀਲੇਸ਼ਨ ਦੀ ਵਰਤੋਂ ਤੁਹਾਡੇ ਸਾਹ ਨਾਲੀਆਂ ਤੋਂ ਨਿਕਲਣ ਵਾਲੇ ਰਿਸਾਵ ਨੂੰ ਸਾਫ਼ ਕਰਨ ਲਈ ਵੀ ਕੀਤੀ ਜਾ ਸਕਦੀ ਹੈ।

**"ਮੈਂ ਇੱਕ ਬਹੁਤ ਹੀ ਸਰਗਰਮ ਅਤੇ ਵਿਅਸਤ ਆਦਮੀ ਸੀ। ਟ੍ਰੈਕ ਵੈਂਟੀਲੇਸ਼ਨ ਦੇ ਨਾਲ, ਮੈਨੂੰ ਜੀਵਨ ਦੇ ਇੱਕ ਬਹੁਤ ਹੀ ਵੱਖਰੇ ਤਰੀਕੇ ਨਾਲ ਢਾਲਣਾ ਪਿਆ ਹੈ, ਜਿਸ ਵਿੱਚ ਪਰਿਵਾਰ ਅਤੇ ਦੋਸਤਾਂ ਪ੍ਰਤੀ ਬਹੁਤ ਜ਼ਿਆਦਾ ਧਿਆਨ ਦੇਣਾ, ਅਤੇ ਵਧੇਰੇ ਪ੍ਰਤੀਬਿੰਬਤ ਹੋਣਾ ਸ਼ਾਮਲ ਹੈ। ਮੈਂ ਫਿਲਮਾਂ ਵਿੱਚ ਵੀ ਮਾਹਰ ਬਣ ਗਿਆ ਹਾਂ।"**

ਟਿਊਬ ਲਗਾਉਣ ਲਈ, ਤੁਹਾਨੂੰ ਇੱਕ ਸਰਜੀਕਲ ਪ੍ਰਕਿਰਿਆ ਦੀ ਲੋੜ ਹੁੰਦੀ ਹੈ। ਇਹ ਆਮ ਤੌਰ 'ਤੇ ਜਨਰਲ ਅਨੱਸਥੀਸੀਆ ਦੇ ਅਧੀਨ ਕੀਤਾ ਜਾਂਦਾ ਹੈ, ਇਸ ਲਈ ਤੁਸੀਂ ਓਪਰੇਸ਼ਨ ਦੌਰਾਨ ਸੁੱਤੇ ਰਹਿੰਦੇ ਹੋ।

ਸਰਜਰੀ ਤੋਂ ਬਾਅਦ, ਤੁਹਾਨੂੰ ਹਸਪਤਾਲ ਵਿੱਚ ਰਹਿਣ ਦੀ ਜ਼ਰੂਰਤ ਹੋਏਗੀ ਜਦੋਂ ਕਿ ਤੁਹਾਡੀ ਦੇਖਭਾਲ ਟੀਮ ਯੋਜਨਾ ਬਣਾਉਂਦੀ ਹੈ ਕਿ ਘਰ ਵਿੱਚ ਜਾਂ ਕਿਸੇ ਹੋਰ ਸੈਟਿੰਗ ਵਿੱਚ ਤੁਹਾਡੀ ਸਹਾਇਤਾ ਕਿਵੇਂ ਕਰਨੀ ਹੈ।

ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਤੁਹਾਡੇ ਪਰਿਵਾਰ, ਦੇਖਭਾਲਕਰਤਾਵਾਂ, ਅਤੇ ਸਿਹਤ ਅਤੇ ਸਮਾਜਿਕ ਦੇਖਭਾਲ ਟੀਮ ਨਾਲ ਟ੍ਰੈਕ ਵੈਂਟੀਲੇਸ਼ਨ ਬਾਰੇ ਗੱਲਬਾਤ ਕਰਨਾ ਮਹੱਤਵਪੂਰਨ ਹੈ।

## ਟ੍ਰੈਕ ਵੈਂਟੀਲੇਸ਼ਨ 'ਤੇ ਕਦੋਂ ਵਿਚਾਰ ਕੀਤਾ ਜਾ ਸਕਦਾ ਹੈ?

ਯੂਕੇ ਵਿੱਚ MND ਵਾਲੇ ਲੋਕਾਂ ਨੂੰ ਹਮੇਸ਼ਾ ਟ੍ਰੈਕ ਵੈਂਟੀਲੇਸ਼ਨ ਦੀ ਪੇਸ਼ਕਸ਼ ਨਹੀਂ ਕੀਤੀ ਜਾਂਦੀ। ਆਪਣੇ ਖੇਤਰ ਵਿਚਲੀ ਆਪਣੀ ਰੈਸਪੀਰੇਟਰੀ ਟੀਮ ਤੋਂ ਮਾਰਗਦਰਸ਼ਨ ਮੰਗੋ। ਹਾਲਾਂਕਿ, ਇਸਦਾ ਸੁਝਾਅ ਦਿੱਤਾ ਜਾ ਸਕਦਾ ਹੈ ਜੇਕਰ:

– NIV ਹੁਣ ਆਰਾਮਦਾਇਕ ਜਾਂ ਪ੍ਰਭਾਵਸ਼ਾਲੀ ਨਹੀਂ ਹੈ
– ਤੁਹਾਡੇ ਮੂੰਹ ਅਤੇ ਗਲੇ ਦੀਆਂ ਮਾਸਪੇਸ਼ੀਆਂ ਬਹੁਤ ਕਮਜ਼ੋਰ ਹਨ
– ਤੁਹਾਡੇ ਬਹੁਤ ਰਿਸਾਵ ਹੁੰਦਾ ਹੈ ਜਿਸਦਾ ਪ੍ਰਬੰਧਨ ਕਰਨਾ ਮੁਸ਼ਕਲ ਹੈ
– ਤੁਹਾਨੂੰ ਛਾਤੀ ਦੀ ਗੰਭੀਰ ਲਾਗ ਹੋਈ ਹੈ ਜਿਸ ਲਈ ਵਧੇਰੇ ਵਿਆਪਕ ਸੱਕਸ਼ਨ ਦੀ ਲੋੜ ਹੁੰਦੀ ਹੈ।

**"ਸਰੀਰਕ ਦਾਖਲੇ ਵਾਲੀ ਵੈਂਟੀਲੇਸ਼ਨ ਬਾਰੇ ਆਮ ਚਿਤਾਵਨੀ ਦੇ ਬਾਵਜੂਦ, ਮੈਂ ਆਪਣੇ ਪਰਿਵਾਰ ਨਾਲ ਸਲਾਹ-ਮਸ਼ਵਰੇ ਅਤੇ ਖੋਜ-ਪੱਤਰਾਂ ਨੂੰ ਵਿਆਪਕ ਢੰਗ ਨਾਲ ਪੜ੍ਹਨ ਤੋਂ ਬਾਅਦ ਟ੍ਰੈਕਿਓਸਟੋਮੀ ਨਾਲ ਅੱਗੇ ਵਧਣ ਦਾ ਫੈਸਲਾ ਕੀਤਾ। "**

## ਟ੍ਰੈਕੀਆ ਵੈਂਟੀਲੇਸ਼ਨ ਦੇ ਸੰਭਾਵੀ ਲਾਭ

ਜ਼ਿਆਦਾਤਰ ਲੋਕਾਂ ਲਈ, ਟ੍ਰੈਕੀਆ ਵੈਂਟੀਲੇਸ਼ਨ ਇਹਨਾਂ ਵਿੱਚ ਮਦਦ ਕਰਦਾ ਹੈ:

– ਸਾਹ ਲੈਣ ਵਿੱਚ ਤਕਲੀਫ਼, ਨੀਂਦ ਵਿੱਚ ਵਿਘਨ, ਥਕਾਵਟ ਅਤੇ ਸਵੇਰ ਦੇ ਸਿਰ ਦਰਦ ਵਰਗੇ ਲੱਛਣਾਂ ਨੂੰ ਘੱਟ ਕਰਨਾ
– ਜੀਵਨ ਦੀ ਗੁਣਵੱਤਾ ਅਤੇ ਊਰਜਾ ਦੇ ਪੱਧਰਾਂ ਵਿੱਚ ਸੁਧਾਰ ਕਰਨਾ
– ਜੀਵਨ ਬਚਾਅ ਦੇ ਸਮੇਂ ਨੂੰ ਵਧਾਉਣਾ
– ਜੇਕਰ NIV ਹੁਣ ਚੰਗੀ ਤਰ੍ਹਾਂ ਕੰਮ ਨਹੀਂ ਕਰਦਾ ਹੈ ਤਾਂ ਸਹਾਇਤਾ ਪ੍ਰਦਾਨ ਕਰਨਾ

– ਰਿਸਾਵਾਂ ਦਾ ਪ੍ਰਬੰਧਨ ਕਰਨਾ

– ਜੇ ਤੁਸੀਂ ਕਲੋਸਟ੍ਰੋਫੋਬੀਆ ਦਾ ਅਨੁਭਵ ਕਰਦੇ ਹੋ ਤਾਂ ਫੇਸ ਮਾਸਕ ਦੀ ਜ਼ਰੂਰਤ ਤੋਂ ਬਚਣਾ।

ਟ੍ਰੈਕ ਵੈਂਟੀਲੇਸ਼ਨ ਬੈਟਰੀ ਦੁਆਰਾ ਸੰਚਾਲਿਤ ਹੋਣ 'ਤੇ ਪੋਰਟੇਬਲ ਵੀ ਹੋ ਸਕਦੀ ਹੈ। ਉਦਾਹਰਣ ਵਜੋਂ, ਵ੍ਹੀਲਚੇਅਰ ਦੀ ਵਰਤੋਂ ਕਰਦੇ ਸਮੇਂ।

**"ਇਕੱਠੇ ਮਿਲ ਕੇ, ਸੱਤ ਸਾਲ ਤੋਂ ਅਸੀਂ ਆਪਣੇ ਬੱਚਿਆਂ ਨੂੰ ਨੌਜਵਾਨ ਬਾਲਗਾਂ ਵਿੱਚ ਵੱਡੇ ਹੁੰਦੇ, ਵਿਆਹ ਕਰਵਾਉਂਦੇ ਦੇਖਿਆ ਹੈ ਅਤੇ ਅਸੀਂ ਦੋ ਖ਼ੂਬਸੂਰਤ ਬੱਚਿਆਂ ਦੇ ਦਾਦਾ-ਦਾਦੀ ਬਣ ਗਏ ਹਾਂ। ਇਸ ਲਈ ਜਦੋਂ ਉਹ ਟ੍ਰੈਕ ਵੈਂਟੀਲੇਸ਼ਨ 'ਤੇ ਸੀ, ਤਾਂ ਕੁਝ ਹੈਰਾਨੀਜਨਕ ਉੱਚੇ ਮੁਕਾਮ ਆਏ, ਪਰ ਉਨ੍ਹਾਂ ਵਿਚਕਾਰ ਬਹੁਤ ਸਾਰੇ ਦਿਨ ਵੀ ਬੀਤ ਗਏ ਹਨ ਜੋ ਸੱਚਮੁੱਚ ਮੁਸ਼ਕਲ ਰਹੇ ਹਨ।"**

## ਟ੍ਰੈਕ ਵੈਂਟੀਲੇਸ਼ਨ ਨਾਲ ਸੋਚਣ ਵਾਲੀਆਂ ਗੱਲਾਂ

ਟ੍ਰੈਕਿਓਸਟੋਮੀ ਪ੍ਰਕਿਰਿਆ ਵਿੱਚ ਕਿਸੇ ਵੀ ਸਰਜਰੀ ਵਾਂਗ, ਲਾਗਾਂ ਜਾਂ ਪੇਚੀਦਗੀਆਂ ਦਾ ਕੁਝ ਜੋਖਮ ਹੁੰਦਾ ਹੈ। ਕਾਰਜ-ਪ੍ਰਕਿਰਿਆ ਤੋਂ ਪਹਿਲਾਂ ਤੁਹਾਨੂੰ ਇਨ੍ਹਾਂ ਬਾਰੇ ਦੱਸਿਆ ਜਾਵੇਗਾ, ਅਤੇ ਜ਼ਿਆਦਾ ਮਾਮਲਿਆਂ ਵਿੱਚ ਅਸਾਨੀ ਨਾਲ ਇਨ੍ਹਾਂ ਨੂੰ ਸੰਭਾਲਿਆ ਜਾ ਸਕਦਾ ਹੈ

ਓਪਰੇਸ਼ਨ ਤੋਂ ਬਾਅਦ ਤੁਹਾਨੂੰ ਹਸਪਤਾਲ ਵਿੱਚ ਲੰਬੇ ਸਮੇਂ ਤੱਕ ਰੁਕਣ ਦੀ ਲੋੜ ਹੋ ਸਕਦੀ ਹੈ, ਜਦੋਂ ਕਿ ਤੁਹਾਡੀ ਦੇਖਭਾਲ ਤੋਂ ਬਾਅਦ ਦੀ ਯੋਜਨਾ ਦਾ ਪ੍ਰਬੰਧ ਕੀਤਾ ਜਾ ਰਿਹਾ ਹੁੰਦਾ ਹੈ। ਇਸ ਨੂੰ ਸੰਗਠਿਤ ਕਰਨ ਵਿੱਚ ਕਈ ਵਾਰ ਮਹੀਨੇ ਲੱਗ ਸਕਦੇ ਹਨ। ਟ੍ਰੈਕਿਓਸਟੋਮੀ ਲਈ ਦੇਖਭਾਲ ਮੁਸ਼ਕਲ ਹੋ ਸਕਦੀ ਹੈ ਅਤੇ ਇਸਦਾ ਮਤਲਬ ਹੋ ਸਕਦਾ ਹੈ ਲੋਕਾਂ ਦੀ ਇਕ ਟੀਮ ਨੂੰ ਸਿਖਲਾਈ (ਆਮ ਤੌਰ 'ਤੇ ਦੇਖਭਾਲ ਏਜੰਸੀ ਦੁਆਰਾ)। ਕੁਝ ਖੇਤਰਾਂ ਵਿੱਚ, ਟ੍ਰੈਕ ਵੈਂਟੀਲੇਸ਼ਨ ਲਈ ਲੋੜੀਂਦੀ ਦੇਖਭਾਲ ਦਾ ਪੱਧਰ ਤਾਂ ਹੀ ਪੇਸ਼ ਕੀਤਾ ਜਾ ਸਕਦਾ ਹੈ ਜੇਕਰ ਤੁਸੀਂ ਨਰਸਿੰਗ ਹੋਮ ਵਿੱਚ ਚਲੇ ਜਾਂਦੇ ਹੋ। ਆਪਣੀ ਰੈਸਪੀਰੇਟਰੀ ਟੀਮ ਨਾਲ ਚਰਚਾ ਕਰੋ, ਜੋ ਤੁਹਾਡੇ ਇਲਾਕੇ ਵਿੱਚ ਸਥਿਤੀ ਬਾਰੇ ਦੱਸ ਸਕਦੀ ਹੈ।

ਜੇਕਰ ਤੁਸੀਂ ਟ੍ਰੈਕ ਵੈਂਟੀਲੇਸ਼ਨ ਬਾਰੇ ਸੋਚ ਰਹੇ ਹੋ, ਤਾਂ ਇਸ ਬਾਰੇ ਕਿਸੇ ਵੀ ਵਿਅਕਤੀ ਨਾਲ ਚਰਚਾ ਕਰਨਾ ਜ਼ਰੂਰੀ ਹੈ ਜੋ ਤੁਹਾਡੀ ਭਵਿੱਖ ਦੀ ਦੇਖਭਾਲ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਰੱਖਦਾ ਹੈ। ਇਸ ਵਿੱਚ ਪਰਿਵਾਰ ਅਤੇ ਨਜ਼ਦੀਕੀ ਦੋਸਤ ਸ਼ਾਮਲ ਹਨ।

ਟ੍ਰੈਕ ਵੈਂਟੀਲੇਸ਼ਨ:

– ਟਿਊਬ ਤੋਂ ਹਵਾ ਦੀ ਪਾਈਪ ਵਿੱਚ ਬੇਅਰਾਮੀ ਜਾਂ ਲੰਬੇ ਸਮੇਂ ਲਈ ਨੁਕਸਾਨ ਦਾ ਕਾਰਨ ਬਣ ਸਕਦੀ ਹੈ (ਇਹ ਅਸਧਾਰਨ ਹੈ)

– ਨਿਯਮਿਤ ਤੌਰ 'ਤੇ ਬਦਲਣ ਦੀ ਲੋੜ ਹੁੰਦੀ ਹੈ, ਆਮ ਤੌਰ 'ਤੇ ਹਰ ਮਹੀਨੇ

– ਟਿਊਬ ਬਦਲਣ ਵੇਲੇ ਬੇਆਰਾਮ ਮਹਿਸੂਸ ਕਰਨਾ, ਪਰ ਤੁਹਾਡੀ ਰੈਸਪੀਰੇਟਰੀ ਟੀਮ ਇਸ ਬਾਰੇ ਸਲਾਹ ਦੇ ਸਕਦੀ ਹੈ

– ਵਰਤੀ ਗਈ ਟ੍ਰੈਕ ਦੀ ਕਿਸਮ ਦੇ ਆਧਾਰ 'ਤੇ ਬੋਲਣ ਜਾਂ ਨਿਗਲਣ ਦੀ ਤੁਹਾਡੀ ਯੋਗਤਾ ਨੂੰ ਪ੍ਰਭਾਵਿਤ ਕਰਦੀ ਹੈ, ਪਰ ਤੁਹਾਡੀ ਬੋਲੀ ਅਤੇ ਨਿਗਲਣ ਪਹਿਲਾਂ ਹੀ MND ਨਾਲ ਪ੍ਰਭਾਵਿਤ ਹੋ ਸਕਦੇ ਹਨ (ਤੁਹਾਨੂੰ ਸੰਚਾਰ ਕਰਨ, ਖਾਣ ਅਤੇ ਪੀਣ ਵਿੱਚ ਮਦਦ ਕਰਨ ਲਈ ਸਹਾਇਤਾ ਦਿੱਤੀ ਜਾ ਸਕਦੀ ਹੈ)

– ਇਸ ਨਾਲ ਰਿਸਾਵ ਜਮ੍ਹਾ ਹੋ ਜਾਂਦੇ ਹਨ ਜਿਨ੍ਹਾਂ ਨੂੰ ਨਿਯਮਿਤ ਤੌਰ 'ਤੇ ਸੱਕਸ਼ਨ ਦੀ ਵਰਤੋਂ ਕਰਕੇ ਸਾਫ਼ ਕਰਨਾ ਪੈਂਦਾ ਹੈ (ਇਹ ਬੇਆਰਾਮ ਹੋ ਸਕਦਾ ਹੈ, ਕਿਉਂਕਿ ਇਹ ਉਦੋਂ ਕੀਤਾ ਜਾਂਦਾ ਹੈ ਜਦੋਂ ਤੁਸੀਂ ਵੈਂਟੀਲੇਸ਼ਨ ਤੋਂ ਬਾਹਰ ਹੁੰਦੇ ਹੋ)

– ਫੇਫੜਿਆਂ ਵਿੱਚ ਬੈਕਟੀਰੀਆ ਜਾਂ ਲਾਗ ਦੇ ਜੋਖਮ ਨੂੰ ਵਧਾਓ, ਜਿਸਦੀ ਨਿਗਰਾਨੀ ਅਤੇ ਦੇਖਭਾਲ ਦੀ ਲੋੜ ਹੁੰਦੀ ਹੈ
– ਉਪਕਰਨ ਦੀ ਆਦਤ ਪਾਉਣ ਅਤੇ ਇਹ ਕਿਵੇਂ ਮਹਿਸੂਸ ਹੁੰਦਾ ਹੈ, ਲਈ ਸਮਾਂ ਕੱਢੋ।

**"ਕੁਝ ਔਖਿਆਈਆਂ ਅਤੇ ਬੇਆਰਾਮੀ (ਜੋ ਟ੍ਰੈਕਿਓਸਟੋਮੀ ਤੋਂ ਹੋਣ ਵਾਲੀ ਔਖਿਆਈ ਅਤੇ ਬੇਆਰਾਮੀ ਦੇ ਮੁਕਾਬਲੇ ਬਿਸਤਰ ਤੱਕ ਸੀਮਤ ਰਹਿਣ ਦਾ ਸਾਹਮਣਾ ਕਰਨ ਕਰਕੇ ਜ਼ਿਆਦਾ ਸੀ) ਦੇ ਬਾਵਜੂਦ, ਮੈਂ ਜ਼ਿੰਦਗੀ ਦਾ ਆਨੰਦ ਮਾਣਿਆ ਹੈ, ਅਤੇ ਕਦੇ ਵੀ ਨਾ ਤਾਂ ਮੈਂ ਅਤੇ ਨਾ ਹੀ ਮੇਰੇ ਪਰਿਵਾਰ ਨੇ ਫੈਸਲੇ ਉੱਤੇ ਖ਼ੇਦ ਪ੍ਰਗਟ ਨਹੀਂ ਕੀਤਾ।"**

## ਟ੍ਰੈਕ ਵੈਂਟੀਲੇਸ਼ਨ ਨਾਲ ਸਮੇਂ ਦੇ ਨਾਲ ਕੀ ਹੁੰਦਾ ਹੈ?

ਜੇਕਰ ਤੁਹਾਡੀਆਂ ਸਾਹ ਲੈਣ ਵਾਲੀਆਂ ਮਾਸਪੇਸ਼ੀਆਂ ਪਹਿਲਾਂ ਹੀ MND ਤੋਂ ਬਹੁਤ ਕਮਜ਼ੋਰ ਹਨ, ਤਾਂ ਤੁਸੀਂ ਤੁਰੰਤ ਟ੍ਰੈਕ ਵੈਂਟੀਲੇਸ਼ਨ 'ਤੇ ਨਿਰਭਰ ਹੋ ਸਕਦੇ ਹੋ। ਇਸਦਾ ਮਤਲਬ ਹੈ ਕਿ ਮਸ਼ੀਨ ਤੁਹਾਨੂੰ ਸਾਹ ਲੈਣ ਵਿੱਚ ਮਦਦ ਕਰਨ ਲਈ ਸਾਰਾ ਕੰਮ ਕਰੇਗੀ।

ਇੱਕ ਵਾਰ ਜਦੋਂ ਤੁਸੀਂ ਇਸ 'ਤੇ ਨਿਰਭਰ ਹੋ ਜਾਂਦੇ ਹੋ, ਤਾਂ ਆਮ ਤੌਰ 'ਤੇ ਇਸ ਸਹਾਇਤਾ ਤੋਂ ਬਿਨਾਂ ਕੁਦਰਤੀ ਸਾਹ ਲੈਣ ਦੀ ਸਥਿਤੀ ਵਿੱਚ ਵਾਪਸ ਆਉਣਾ ਸੰਭਵ ਨਹੀਂ ਹੁੰਦਾ। ਹਾਲਾਂਕਿ, ਜੇਕਰ ਇਹ ਤੁਹਾਡੀ ਪਸੰਦ ਹੈ ਤਾਂ ਵੈਂਟੀਲੇਸ਼ਨ ਦੀ ਵਰਤੋਂ ਬੰਦ ਕਰਨਾ ਤੁਹਾਡਾ ਅਧਿਕਾਰ ਹੈ।

ਟ੍ਰੈਕ ਵੈਂਟੀਲੇਸ਼ਨ ਜੀਵਨ ਬਚਾਅ ਨੂੰ ਲੰਮਾ ਕਰਨ ਵਿੱਚ ਮਦਦ ਕਰ ਸਕਦੀ ਹੈ, ਪਰ NIV ਵਾਂਗ, ਤੁਹਾਡੇ ਹੋਰ ਲੱਛਣ ਵਧਦੇ ਰਹਿਣਗੇ। ਇਸਦਾ ਮਤਲਬ ਹੈ:

– ਛਾਤੀ ਦੀ ਲਾਗ ਦਾ ਵਧਿਆ ਹੋਇਆ ਜੋਖਮ ਜੋ ਗੰਭੀਰ ਜਾਂ ਜਾਨਲੇਵਾ ਹੋ ਸਕਦਾ ਹੈ
– ਨਿਗਲਣ, ਬੋਲਣ ਅਤੇ ਸੰਚਾਰ ਲਈ ਮਾਸਪੇਸ਼ੀਆਂ ਦਾ ਲਗਾਤਾਰ ਕਮਜ਼ੋਰ ਹੋਣਾ
– ਸਮੇਂ ਦੇ ਨਾਲ ਵਧੇਰੇ ਗੁੰਝਲਦਾਰ ਦੇਖਭਾਲ ਦੀਆਂ ਜ਼ਰੂਰਤਾਂ, ਨਿਯਮਤ ਸੱਕਸ਼ਨ ਅਤੇ ਖਾਣ, ਪੀਣ ਅਤੇ ਸਫਾਈ ਲਈ ਸਹਾਇਤਾ ਦੀ ਲੋੜ ਹੁੰਦੀ ਹੈ।

ਇਹ ਤਬਦੀਲੀਆਂ ਤੁਹਾਡੀ ਭਵਿੱਖ ਦੀ ਦੇਖਭਾਲ ਨੂੰ ਪ੍ਰਭਾਵਤ ਕਰ ਸਕਦੀਆਂ ਹਨ, ਇਸ ਲਈ ਆਪਣੀਆਂ ਇੱਛਾਵਾਂ ਬਾਰੇ ਆਪਣੇ ਪਰਿਵਾਰ ਅਤੇ ਦੇਖਭਾਲ ਟੀਮ ਨਾਲ ਖੁੱਲ੍ਹ ਕੇ ਗੱਲਬਾਤ ਕਰੋ। ਬਿਜਲੀ ਕੱਟਾਂ ਜਾਂ ਉਪਕਰਣਾਂ ਦੀਆਂ ਸਮੱਸਿਆਵਾਂ ਦੀ ਸਥਿਤੀ ਵਿੱਚ ਤੁਹਾਨੂੰ ਧਿਆਨ ਨਾਲ ਯੋਜਨਾ ਬਣਾਉਣ ਦੀ ਵੀ ਜ਼ਰੂਰਤ ਹੋਏਗੀ, ਜਿਸਦਾ ਅਰਥ ਹੈ:

– ਪੂਰੀ ਤਰ੍ਹਾਂ ਚਾਰਜ ਕੀਤੀਆਂ ਬੈਟਰੀਆਂ ਵਾਲਾ ਇੱਕ ਬੈਟਰੀ ਨਾਲ ਚੱਲਣ ਵਾਲਾ ਵੈਂਟੀਲੇਟਰ
– ਮੁੱਖ ਮਸ਼ੀਨ ਕੰਮ ਕਰਨਾ ਬੰਦ ਕਰ ਦੇਣ ਦੀ ਸਥਿਤੀ ਵਿੱਚ ਇੱਕ ਵਾਧੂ ਮਸ਼ੀਨ।

ਸੈਕਸ਼ਨ 5 ਦੇਖੋ: **ਮੈਂ ਆਪਣੇ ਵੈਂਟੀਲੇਸ਼ਨ ਉਪਕਰਣਾਂ ਦੀ ਦੇਖਭਾਲ ਕਿਵੇਂ ਕਰਾਂ?**

## ਕੀ ਮੈਂ ਐਮਰਜੈਂਸੀ ਸਥਿਤੀਆਂ ਵਿੱਚ ਟ੍ਰੈਕ ਨਾਲ ਫਿੱਟ ਹੋਣ ਤੋਂ ਬਚ ਸਕਦਾ/ਦੀ ਹਾਂ?

ਐਮਰਜੈਂਸੀ ਵਿੱਚ, ਇਸ ਕਿਸਮ ਦੀ ਵੈਂਟੀਲੇਸ਼ਨ ਕਈ ਵਾਰ ਸਾਹ ਨੂੰ ਸਥਿਰ ਕਰਨ ਲਈ ਵਰਤੀ ਜਾਂਦੀ ਹੈ। ਇਹ ਸੰਭਵ ਹੈ ਕਿ ਜੇਕਰ ਤੁਹਾਨੂੰ ਤੁਰੰਤ ਸਹਾਇਤਾ ਦੀ ਲੋੜ ਹੈ ਪਰ ਤੁਸੀਂ ਡਾਕਟਰੀ ਸਟਾਫ ਨੂੰ ਆਪਣੀਆਂ ਇੱਛਾਵਾਂ

ਦੱਸਣ ਵਿੱਚ ਅਸਮਰੱਥ ਹੋ, ਤੁਹਾਡੀ ਪਹਿਲਾਂ ਦੀ ਸਹਿਮਤੀ ਤੋਂ ਬਿਨਾਂ ਟ੍ਰੈਕ ਵੈਂਟੀਲੇਸ਼ਨ ਸ਼ੁਰੂ ਕੀਤੀ ਜਾ ਸਕਦੀ ਹੈ।

**"ਉਸ ਨੂੰ ਤੁਰੰਤ ਹਸਪਤਾਲ ਲੈ ਜਾਇਆ ਗਿਆ ਸੀ ਕਿਉਂਕਿ ਉਸ ਨੂੰ ਛਾਤੀ ਦੀ ਗੰਭੀਰ ਇਨਫੈਕਸ਼ਨ ਕਰਕੇ ਸਾਹ ਲੈਣ ਦੀਆਂ ਮੁਸ਼ਕਿਲਾਂ ਹੋ ਰਹੀਆਂ ਸਨ। ਉਸ ਨੇ ਟ੍ਰੈਕਿਓਸਟੋਮੀ ਕਰਵਾਈ ਸੀ, ਕਿਉਂਕਿ ਇਹ ਆਸ ਕੀਤੀ ਜਾਂਦੀ ਸੀ ਕਿ ਉਹ ਆਪਣੇ ਸਾਹ ਲੈਣ ਲਈ ਆਪਣੀ ਸਹਾਇਤਾ ਕਰ ਸਕੇਗਾ, ਪਰ ਅਜਿਹਾ ਨਹੀਂ ਹੋਇਆ ਸੀ ਅਤੇ ਉਦੋਂ ਤੋਂ ਲੈ ਕੇ ਹੁਣ ਤੱਕ ਉਹ ਵੈਂਟੀਲੇਟਰ 'ਤੇ ਹੈ।"**

ਜੇਕਰ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਤੁਸੀਂ ਕਿਸੇ ਵੀ ਹਾਲਾਤ ਵਿੱਚ ਟ੍ਰੈਕ ਵੈਂਟੀਲੇਸ਼ਨ ਨਹੀਂ ਚਾਹੁੰਦੇ ਹੋ, ਤਾਂ ਤੁਸੀਂ ਇਸਨੂੰ ਇਲਾਜ ਤੋਂ ਇਨਕਾਰ ਕਰਨ ਦਾ ਅਗਾਊਂ ਫੈਸਲਾ (Advance Decision to Refuse Treatment, ADRT) ਨਾਮਕ ਦਸਤਾਵੇਜ਼ ਵਿੱਚ ਦਰਜ ਕਰ ਸਕਦੇ ਹੋ।

ਇਹ ਤੁਹਾਡੀ ਟੀਮ ਨੂੰ ਮਾਰਗਦਰਸ਼ਨ ਕਰ ਸਕਦਾ ਹੈ ਅਤੇ ਜੇਕਰ ਸਹੀ ਢੰਗ ਨਾਲ ਪੂਰਾ ਕੀਤਾ ਜਾਵੇ ਤਾਂ ਇਹ ਕਾਨੂੰਨੀ ਤੌਰ 'ਤੇ ਬੰਧਨਕਾਰੀ ਹੈ।

ਸੈਕਸ਼ਨ 6 ਦੇਖੋ: **ਮੈਨੂੰ ਵੈਂਟੀਲੇਸ਼ਨ ਹਟਾਏ ਜਾਣ ਬਾਰੇ ਕੀ ਜਾਣਨ ਦੀ ਜ਼ਰੂਰਤ ਹੈ?**
ਭਵਿੱਖ ਦੇ ਇਲਾਜ ਅਤੇ ਦੇਖਭਾਲ ਲਈ ਆਪਣੀਆਂ ਇੱਛਾਵਾਂ ਨੂੰ ਕਿਵੇਂ ਰਿਕਾਰਡ ਕਰਨਾ ਹੈ, ਇਸ ਬਾਰੇ ਮਾਰਗਦਰਸ਼ਨ ਲਈ।

## ਟ੍ਰੈਕ ਵੈਂਟੀਲੇਸ਼ਨ ਨਾਲ ਕਿਹੜੀ ਬਾਅਦ ਦੀ ਦੇਖਭਾਲ ਦੀ ਲੋੜ ਹੈ?

ਤੁਹਾਨੂੰ ਸੁਰੱਖਿਅਤ, ਆਰਾਮਦਾਇਕ ਅਤੇ ਚੰਗੀ ਤਰ੍ਹਾਂ ਸਮਰਥਿਤ ਰੱਖਣ ਲਈ ਟ੍ਰੈਕ ਵੈਂਟੀਲੇਸ਼ਨ ਨਾਲ ਚਲੰਤ ਬਾਅਦ ਦੀ ਦੇਖਭਾਲ ਜ਼ਰੂਰੀ ਹੈ। ਇਹ ਤੁਹਾਡੀਆਂ ਜ਼ਰੂਰਤਾਂ ਦੇ ਆਧਾਰ 'ਤੇ ਵੱਖ-ਵੱਖ ਹੋ ਸਕਦਾ ਹੈ, ਪਰ ਅਕਸਰ ਇਸ ਵਿੱਚ ਸ਼ਾਮਲ ਹੁੰਦਾ ਹੈ:

### ਹਵਾ ਦਾ ਨਮੀਕਰਨ

ਤੁਹਾਡੀ ਵੈਂਟੀਲੇਟਰ ਮਸ਼ੀਨ ਨਾਲ ਹਿਊਮਿਡੀਫਾਇਰ ਲਗਾਉਣ ਨਾਲ, ਵਰਤੀ ਜਾ ਰਹੀ ਹਵਾ ਨੂੰ ਗਰਮਾਇਸ਼ ਅਤੇ ਨਮੀ ਦੇਣ ਵਿੱਚ ਮਦਦ ਮਿਲਦੀ ਹੈ। ਇਹ ਤੁਹਾਡੇ ਸਾਹ ਨਾਲੀ ਅਤੇ ਫੇਫੜਿਆਂ ਨੂੰ ਸੁੱਕਣ ਜਾਂ ਸਾੜੀ ਪੈਂਦਾ ਮਹਿਸੂਸ ਹੋਣ ਤੋਂ ਰੋਕਣ ਵਿੱਚ ਮਦਦ ਕਰਦਾ ਹੈ।

### ਰਿਸਾਵਾਂ ਨੂੰ ਸਾਫ਼ ਕਰਨਾ

ਤੁਹਾਨੂੰ ਆਪਣੇ ਸਾਹ ਨਾਲੀ ਤੋਂ ਬਲਗ਼ਮ ਜਾਂ ਲਾਰ ਸਾਫ਼ ਕਰਨ ਵਿੱਚ ਮਦਦ ਦੀ ਲੋੜ ਹੋ ਸਕਦੀ ਹੈ, ਜਿਸ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਮਸ਼ੀਨ ਦੁਆਰਾ ਨਿਯਮਤ ਤੌਰ 'ਤੇ ਸੱਕਸ਼ਨ, ਪਰ ਤੁਹਾਡੀ ਰੈਸਪੀਰੇਟਰੀ ਟੀਮ ਤੁਹਾਨੂੰ ਅਤੇ ਤੁਹਾਡੇ ਦੇਖਭਾਲਕਰਤਾਵਾਂ ਨੂੰ ਇਸ ਬਾਰੇ ਮਾਰਗਦਰਸ਼ਨ ਕਰੇਗੀ ਕਿ ਇਸਨੂੰ ਸੁਰੱਖਿਅਤ ਢੰਗ ਨਾਲ ਕਿਵੇਂ ਕਰਨਾ ਹੈ
- ਸੱਕਸ਼ਨ ਕਿਵੇਂ ਮਹਿਸੂਸ ਹੁੰਦਾ ਹੈ, ਇਸਦੀ ਆਦਤ ਪਾਉਣਾ, ਕਿਉਂਕਿ ਇਸਦਾ ਮਤਲਬ ਹੈ ਵੈਂਟੀਲੇਟਰ ਤੋਂ ਥੋੜ੍ਹੀ ਦੇਰ ਲਈ ਬਾਹਰ ਰਹਿਣਾ
- ਤਕਨੀਕਾਂ ਜਾਂ ਮਸ਼ੀਨ ਜੋ ਤੁਹਾਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਖੰਘਣ ਵਿੱਚ ਮਦਦ ਕਰਦੀਆਂ ਹਨ
- ਬਲਗਮ ਨੂੰ ਢਿੱਲਾ ਕਰਨ ਲਈ ਨਿਰਜੀਵ ਨਮਕੀਨ ਪਾਣੀ (ਖਾਰਾ) ਦੇ ਇੱਕ ਬਰੀਕ ਵਾਸ਼ਪ ਬਣਾਉਣ ਲਈ ਇੱਕ

ਨੇਬੁਲਾਈਜ਼ਰ ਦੀ ਵਰਤੋਂ ਕਰਨਾ।

### ਟ੍ਰੈਕ ਟਿਊਬ ਦੇਖਭਾਲ

ਇਸਦਾ ਆਮ ਤੌਰ 'ਤੇ ਮਤਲਬ ਹੈ ਅੰਦਰੂਨੀ ਕੈਨੂਲਾ (ਅੰਦਰੂਨੀ ਟਿਊਬਿੰਗ) ਨੂੰ ਸਾਫ਼ ਕਰਨਾ ਜਾਂ ਬਦਲਣਾ ਜਾਂ ਪੂਰੀ ਟ੍ਰੈਕ ਟਿਊਬ ਨੂੰ ਬਦਲਣਾ। ਇਸ ਵਿੱਚ ਲਾਗ ਜਾਂ ਜਲੂਣ ਦੇ ਸੰਕੇਤਾਂ ਦੀ ਜਾਂਚ ਕਰਨਾ ਵੀ ਸ਼ਾਮਲ ਹੈ। ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ ਵੈਂਟੀਲੇਟਰ ਤੋਂ ਥੋੜ੍ਹੀ ਦੇਰ ਲਈ ਬਾਹਰ ਹੁੰਦੇ ਹੋ, ਪਰ ਤੁਹਾਡੀ ਰੈਸਪੀਰੇਟਰੀ ਟੀਮ ਮਾਰਗਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰੇਗੀ।

### ਬੋਲਣ ਅਤੇ ਨਿਗਲਣ ਵਿੱਚ ਸਹਾਇਤਾ

ਜੇਕਰ ਤੁਹਾਨੂੰ ਟ੍ਰੈਕ ਵੈਂਟੀਲੇਸ਼ਨ ਨਾਲ ਬੋਲਣਾ, ਨਿਗਲਣਾ, ਖਾਣਾ ਜਾਂ ਪੀਣਾ ਮੁਸ਼ਕਲ ਲੱਗਦਾ ਹੈ, ਤਾਂ ਇੱਕ ਸਪੀਚ ਅਤੇ ਲੈਂਗੁਏਜ਼ ਥੈਰੇਪਿਸਟ ਸੰਚਾਰ ਮੁਸ਼ਕਲਾਂ, ਸੁਰੱਖਿਅਤ ਨਿਗਲਣ ਅਤੇ ਟਿਊਬ ਫੀਡਿੰਗ 'ਤੇ ਮਾਰਗਦਰਸ਼ਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਇੱਕ ਡਾਇਟੀਸ਼ੀਅਨ ਤੁਹਾਨੂੰ ਸਹੀ ਪੋਸ਼ਣ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਕੰਮ ਕਰਦਾ ਹੈ।

**"ਸਾਡੇ ਮਾਮਲੇ ਵਿੱਚ, ਜਦੋਂ ਉਸਦਾ ਟ੍ਰੈਕਿਓਸਟੋਮੀ ਹੋਇਆ, ਮੇਰੇ ਪਤੀ ਲਈ ਬੋਲਣਾ, ਖਾਣਾ ਅਤੇ ਪੀਣਾ ਅਸੰਭਵ ਹੋ ਗਿਆ।"**

## 5. ਮੈਂ ਆਪਣੇ ਵੈਂਟੀਲੇਸ਼ਨ ਉਪਕਰਣਾਂ ਦੀ ਦੇਖਭਾਲ ਕਿਵੇਂ ਕਰਾਂ?

ਤੁਹਾਡੇ ਵੈਂਟੀਲੇਟਰ ਅਤੇ ਕਿਸੇ ਵੀ ਸੰਬੰਧਿਤ ਉਪਕਰਣ ਨੂੰ ਨਿਯਮਤ ਦੇਖਭਾਲ ਅਤੇ ਜਾਂਚਾਂ ਦੀ ਲੋੜ ਹੋਵੇਗੀ ਤਾਂ ਜੋ ਇਹ ਸਹੀ ਢੰਗ ਨਾਲ ਕੰਮ ਕਰਦੇ ਰਹਿਣ ਅਤੇ ਜੇਕਰ ਤੁਹਾਡੀਆਂ ਜ਼ਰੂਰਤਾਂ ਬਦਲ ਜਾਂਦੀਆਂ ਹਨ ਤਾਂ ਉਨ੍ਹਾਂ ਨਾਲ ਸਿਝਿਆ ਜਾ ਸਕੇ।

ਖਾਣ, ਪੀਣ ਅਤੇ ਸੰਚਾਰ ਬਾਰੇ ਹੋਰ ਜਾਣਕਾਰੀ ਲਈ, ਜਾਣਕਾਰੀ ਸ਼ੀਟਾਂ ਵੇਖੋ:

- **7A ਨਿਗਲਣ ਵਿੱਚ ਮੁਸ਼ਕਲਾਂ**
- **7B ਟਿਊਬ ਫੀਡਿੰਗ**
- **7C ਬੋਲਣ ਅਤੇ ਸੰਚਾਰ ਸਹਾਇਤਾ।**

ਤੁਹਾਡੇ ਉਪਕਰਣਾਂ ਦੀ ਸਪਲਾਈ ਕਰਨ ਵਾਲੀ ਸੰਸਥਾ ਜਾਂ ਸੇਵਾ ਨਿਯਮਤ ਸੇਵਾ ਅਤੇ ਸਹਾਇਤਾ ਦਾ ਪ੍ਰਬੰਧ ਵੀ ਕਰੇਗੀ। ਜੇਕਰ ਤੁਹਾਨੂੰ ਯਕੀਨ ਨਹੀਂ ਹੈ ਕਿ ਕਿਸ ਨਾਲ ਸੰਪਰਕ ਕਰਨਾ ਹੈ, ਤਾਂ ਆਪਣੀ ਰੈਸਪੀਰੇਟਰੀ ਟੀਮ ਨੂੰ ਪੁੱਛੋ।

ਤੁਹਾਡੀ ਰੈਸਪੀਰੇਟਰੀ ਟੀਮ ਇਹਨਾਂ ਵਿੱਚ ਵੀ ਮਦਦ ਕਰ ਸਕਦੀ ਹੈ:

- ਤੁਹਾਡੇ, ਤੁਹਾਡੇ ਪਰਿਵਾਰ ਜਾਂ ਦੇਖਭਾਲਕਰਤਾਵਾਂ ਲਈ ਸਿਖਲਾਈ
- ਘਰ ਵਿੱਚ ਉਪਕਰਣਾਂ ਦੀ ਸਫਾਈ ਅਤੇ ਰੱਖ-ਰਖਾਅ ਬਾਰੇ ਸਲਾਹ
- ਜੇਕਰ ਕੋਈ ਚੀਜ਼ ਕੰਮ ਕਰਨਾ ਬੰਦ ਕਰ ਦੇਵੇ ਤਾਂ ਕੀ ਕਰਨਾ ਹੈ
- ਸੰਭਾਵੀ ਐਮਰਜੈਂਸੀ ਲਈ ਯੋਜਨਾ ਕਿਵੇਂ ਬਣਾਉਣੀ ਹੈ।

ਜੇਕਰ ਤੁਸੀਂ ਕਦੇ ਵੀ ਇਸ ਬਾਰੇ ਅਨਿਸ਼ਚਿਤ ਹੋ ਕਿ ਕਿਸੇ ਚੀਜ਼ ਨੂੰ ਕਿਵੇਂ ਸਾਫ਼ ਕਰਨਾ ਹੈ ਜਾਂ ਬਦਲਣਾ ਹੈ, ਤਾਂ ਆਪਣੀ ਰੈਸਪੀਰੇਟਰੀ ਟੀਮ ਜਾਂ ਉਪਕਰਣ ਪ੍ਰਦਾਤਾ ਨੂੰ ਪੁੱਛੋ। ਤੁਹਾਡੀ ਟੀਮ ਨੂੰ ਜ਼ਰੂਰੀ ਮਦਦ ਲਈ ਤੁਹਾਨੂੰ ਘੰਟਿਆਂ ਤੋਂ ਬਾਹਰ

ਸੰਪਰਕ ਵੇਰਵੇ ਵੀ ਦੇਣੇ ਚਾਹੀਦੇ ਹਨ। ਇਹਨਾਂ ਨੂੰ ਸੁਰੱਖਿਅਤ ਅਤੇ ਆਸਾਨ ਜਗ੍ਹਾ 'ਤੇ ਰੱਖੋ, ਜਿੱਥੇ ਪਹੁੰਚਣਾ ਆਸਾਨ ਹੋਵੇ।

### ਗੈਰ-ਦਾਖਲਾਕਾਰੀ ਵੈਂਟੀਲੇਸ਼ਨ (NIV)

ਨਿਯਮਿਤ ਰੱਖ-ਰਖਾਅ ਵਿੱਚ ਸ਼ਾਮਲ ਹੋ ਸਕਦੇ ਹਨ:

- ਮਾਸਕ ਦੀ ਸਫਾਈ
- ਫਿਲਟਰਾਂ ਨੂੰ ਬਦਲਣਾ
- ਮਾਸਕ ਦੇ ਖਰਾਬ ਹੋਏ ਹਿੱਸਿਆਂ (ਜਿਵੇਂ ਕਿ ਪੱਟੀਆਂ ਜਾਂ ਕੁਸ਼ਨ) ਦੀ ਜਾਂਚ ਕਰਨਾ, ਜੋ ਹਵਾ ਲੀਕ ਦਾ ਕਾਰਨ ਬਣ ਸਕਦੇ ਹਨ।

### ਟ੍ਰੈਕ ਵੈਂਟੀਲੇਸ਼ਨ

ਨਿਯਮਿਤ ਰੱਖ-ਰਖਾਅ ਵਿੱਚ ਸ਼ਾਮਲ ਹੋ ਸਕਦੇ ਹਨ:

- ਪੂਰੀ ਟ੍ਰੈਕ ਟਿਊਬ ਨੂੰ ਬਦਲਣਾ (ਆਮ ਤੌਰ 'ਤੇ ਤੁਹਾਡੀ ਦੇਖਭਾਲ ਟੀਮ ਦੇ ਸਿਖਲਾਈ ਪ੍ਰਾਪਤ ਮੈਂਬਰਾਂ ਦੁਆਰਾ)
- ਅੰਦਰੂਨੀ ਕੈਨੂਲਾ ਦੀ ਸਫਾਈ ਜਾਂ ਬਦਲਣਾ, ਜੋ ਕਿ ਇੱਕ ਹਟਾਉਣਯੋਗ ਅੰਦਰੂਨੀ ਟਿਊਬ ਹੈ (ਦੇਖਭਾਲਕਰਤਾਵਾਂ ਜਾਂ ਪਰਿਵਾਰਕ ਮੈਂਬਰਾਂ ਨੂੰ ਅਜਿਹਾ ਕਰਨ ਲਈ ਸਿਖਲਾਈ ਦਿੱਤੀ ਜਾ ਸਕਦੀ ਹੈ)
- ਟ੍ਰੈਕ ਟਿਊਬ ਦੇ ਆਲੇ-ਦੁਆਲੇ ਲਾਗ, ਰੁਕਾਵਟਾਂ ਜਾਂ ਚਮੜੀ ਦੀ ਜਲਣ ਨੂੰ ਰੋਕਣ ਲਈ ਰੋਜ਼ਾਨਾ ਜਾਂਚ ਕਰੋ।

ਤੁਹਾਡੀ ਰੈਸਪੀਰੇਟਰੀ ਟੀਮ ਤੁਹਾਨੂੰ ਸੁਰੱਖਿਅਤ ਅਤੇ ਸਹਾਇਤਾ ਮਹਿਸੂਸ ਕਰਨ ਵਿੱਚ ਮਦਦ ਕਰ ਸਕਦੀ ਹੈ ਜੇਕਰ ਤੁਹਾਨੂੰ ਕਿਸੇ ਵੀ ਜਾਂਚ ਜਾਂ ਟਿਊਬ ਤਬਦੀਲੀਆਂ ਲਈ ਵੈਂਟੀਲੇਟਰ ਤੋਂ ਥੋੜ੍ਹੀ ਦੇਰ ਲਈ ਬਾਹਰ ਆਉਣ ਦੀ ਲੋੜ ਹੈ।

## ਜੇਕਰ ਬਿਜਲੀ ਕੱਟ ਲੱਗ ਜਾਵੇ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਦਿਨ ਵਿੱਚ 14 ਘੰਟਿਆਂ ਤੋਂ ਵੱਧ ਸਮੇਂ ਲਈ ਆਪਣੇ ਵੈਂਟੀਲੇਟਰ 'ਤੇ ਪੂਰੀ ਤਰ੍ਹਾਂ ਨਿਰਭਰ ਹੋ, ਤਾਂ ਬਿਜਲੀ ਕੱਟਾਂ ਲਈ ਤਿਆਰ ਰਹਿਣਾ ਜ਼ਰੂਰੀ ਹੈ।

ਤੁਹਾਨੂੰ ਜਾਂ ਤੁਹਾਡੇ ਦੇਖਭਾਲਕਰਤਾ ਨੂੰ ਇਹ ਕਰਨ ਦੀ ਲੋੜ ਹੈ:

- ਆਪਣੇ ਵੈਂਟੀਲੇਟਰ ਅਤੇ ਕਿਸੇ ਵੀ ਸੰਬੰਧਿਤ ਉਪਕਰਣ, ਜਿਵੇਂ ਕਿ ਸੱਕਸ਼ਨ ਪੰਪਾਂ ਲਈ ਸਾਰੀਆਂ ਬੈਟਰੀਆਂ ਪੂਰੀ ਤਰ੍ਹਾਂ ਚਾਰਜ ਰੱਖਣੀਆਂ ਚਾਹੀਦੀਆਂ ਹਨ
- ਆਪਣੇ ਊਰਜਾ ਸਪਲਾਇਰ ਨਾਲ ਸੰਪਰਕ ਕਰੋ ਤਾਂ ਜੋ ਤੁਹਾਨੂੰ ਤਰਜੀਹੀ ਸੇਵਾਵਾਂ ਰਜਿਸਟਰ ਦੇ ਅਧੀਨ ਰੱਖਿਆ ਜਾ ਸਕੇ, ਜਿਸਦਾ ਮਤਲਬ ਹੈ ਕਿ ਤੁਹਾਨੂੰ ਯੋਜਨਾਬੱਧ ਬਿਜਲੀ ਕੱਟਾਂ ਅਤੇ ਤੇਜ਼ ਸਹਾਇਤਾ ਦੀ ਪਹਿਲਾਂ ਤੋਂ ਚੇਤਾਵਨੀ ਮਿਲੇਗੀ
- ਆਪਣੇ ਊਰਜਾ ਸਪਲਾਇਰ ਜਾਂ ਦੇਖਭਾਲ ਟੀਮ ਨੂੰ ਪੁੱਛੋ ਕਿ ਕੀ ਉਹ ਤੁਹਾਨੂੰ ਲੰਬੇ ਬਿਜਲੀ ਕੱਟਾਂ ਲਈ ਬੈਕ-ਅੱਪ ਜਨਰੇਟਰ ਤੱਕ ਪਹੁੰਚ ਕਰਨ ਵਿੱਚ ਮਦਦ ਕਰ ਸਕਦੇ ਹਨ
- ਯੋਜਨਾ ਬਣਾਓ ਕਿ ਜੇਕਰ ਬਿਜਲੀ ਕਈ ਦਿਨਾਂ ਲਈ ਬੰਦ ਹੈ ਤਾਂ ਤੁਸੀਂ ਕਿੱਥੇ ਜਾ ਸਕਦੇ ਹੋ (ਭਾਵੇਂ ਤੁਸੀਂ

ਪਾਰਟ-ਟਾਈਮ ਵੈਂਟੀਲੇਸ਼ਨ ਦੀ ਵਰਤੋਂ ਕਰਦੇ ਹੋ ਜਾਂ ਫੁੱਲ-ਟਾਈਮ)

– ਕਿਸੇ ਵੀ ਕਿਸਮ ਦੀ ਤਕਨੀਕੀ ਅਸਫਲਤਾ ਦੀ ਸਥਿਤੀ ਵਿੱਚ ਇੱਕ ਵਾਧੂ ਵੈਂਟੀਲੇਟਰ ਅਤੇ ਮਾਸਕ ਤਿਆਰ ਰੱਖੋ।

**"ਅਸੀਂ ਬਿਜਲੀ ਦੀਆਂ ਕਟੌਤੀਆਂ ਸਮੇਂ ਅਤਿ-ਜ਼ਰੂਰੀ ਪ੍ਰਤੀਕਿਰਿਆ ਲਈ ਊਰਜਾ ਸਪਲਾਇਰਾਂ ਦੀ ਸੰਕਟਕਾਲੀ ਦੇਖਭਾਲ ਸੂਚੀ 'ਤੇ ਸੀ।"**

## ਮੈਨੂੰ ਹੋਰ ਕਿਹੜੇ ਉਪਕਰਣ ਨੇੜੇ ਰੱਖਣ ਦੀ ਲੋੜ ਹੈ?

ਘਰ ਵਿੱਚ ਦੋਵਾਂ ਕਿਸਮਾਂ ਦੇ ਵੈਂਟੀਲੇਸ਼ਨ ਦੀ ਵਰਤੋਂ ਕਰਨ ਦਾ ਮਤਲਬ ਹੈ ਕਿ ਤੁਹਾਨੂੰ ਹਰ ਸਮੇਂ ਹੋਰ ਉਪਕਰਣ ਆਪਣੇ ਨੇੜੇ ਰੱਖਣ ਦੀ ਲੋੜ ਹੈ।

ਉਦਹਾਰਣ ਵਜੋਂ:

– ਇੱਕ ਸੱਕਸ਼ਨ ਮਸ਼ੀਨ
– ਇੱਕ ਵਾਧੂ ਵੈਂਟੀਲੇਟਰ
– ਵਾਧੂ ਚਾਰਜਡ ਬੈਟਰੀਆਂ
– ਇੱਕ ਖੰਘਣ ਵਿੱਚ ਸਹਾਇਤਾ ਕਰਦੀ ਮਸ਼ੀਨ, ਜਿਸਨੂੰ ਅਕਸਰ ਮਕੈਨੀਕਲ ਇਨਫਲੇਸ਼ਨ-ਐਕਸਫਲੇਸ਼ਨ (MI-E) ਕਿਹਾ ਜਾਂਦਾ ਹੈ
– ਇੱਕ ਹਿਊਮਿਡੀਫਾਇਰ
– ਵਾਧੂ ਟਿਊਬਿੰਗ ਅਤੇ ਹੋਰ ਡਿਸਪੋਸੇਬਲ ਹਿੱਸੇ (ਖਾਸ ਕਰਕੇ ਟ੍ਰੈਕ ਵੈਂਟੀਲੇਸ਼ਨ ਲਈ)।

**"ਜੇਕਰ ਤੁਸੀਂ ਇੱਕ ਸੱਕਸ਼ਨ ਮਸ਼ੀਨ ਦੀ ਵਰਤੋਂ ਕਰਦੇ ਹੋ, ਤਾਂ ਬਿਜਲੀ ਕੱਟਾਂ ਦੀ ਸਥਿਤੀ ਵਿੱਚ ਇੱਕ ਬੈਟਰੀ-ਸੰਚਾਲਿਤ ਮਸ਼ੀਨ ਲਾਜ਼ਮੀ ਹੈ।"**

# 6. ਮੈਨੂੰ ਵੈਂਟੀਲੇਸ਼ਨ ਹਟਾਏ ਜਾਣ ਬਾਰੇ ਕੀ ਜਾਣਨ ਦੀ ਜ਼ਰੂਰਤ ਹੈ?

**ਇਸ ਭਾਗ ਵਿੱਚ ਜੀਵਨ ਦੇ ਅੰਤਲੇ ਸਮੇਂ ਲਈ ਭਵਿੱਖ ਦੀ ਦੇਖਭਾਲ ਲਈ ਯੋਜਨਾਬੰਦੀ ਸ਼ਾਮਲ ਹੈ। ਜਦੋਂ ਤੁਸੀਂ ਇਸਨੂੰ ਪੜ੍ਹਨ ਲਈ ਤਿਆਰ ਮਹਿਸੂਸ ਕਰਦੇ ਹੋ ਤਾਂ ਪੜ੍ਹੋ।**

ਜੇਕਰ ਤੁਸੀਂ NIV ਜਾਂ ਟ੍ਰੈਕ ਵੈਂਟੀਲੇਸ਼ਨ ਦੀ ਵਰਤੋਂ ਕਰ ਰਹੇ ਹੋ, ਤਾਂ ਤੁਹਾਨੂੰ ਕਿਸੇ ਵੀ ਸਮੇਂ ਇਸਦੀ ਵਰਤੋਂ ਰੋਕਣ ਦਾ ਕਾਨੂੰਨੀ ਅਧਿਕਾਰ ਹੈ। ਇਸ ਨੂੰ (ਵੈਂਟੀਲੇਸ਼ਨ) ਹਟਾਇਆ ਜਾਣਾ ਵਜੋਂ ਜਾਣਿਆ ਜਾਂਦਾ ਹੈ। ਵੈਂਟੀਲੇਸ਼ਨ ਨੂੰ ਰੋਕਣ ਦੀ ਚੋਣ ਕਰਨਾ ਕਿਸੇ ਨੂੰ ਆਪਣੀ ਜ਼ਿੰਦਗੀ ਖਤਮ ਕਰਨ ਵਿੱਚ ਮਦਦ ਕਰਨ ਲਈ ਕਹਿਣ ਦੇ ਸਮਾਨ ਨਹੀਂ ਹੈ (ਸਹਾਇਤਾ ਪ੍ਰਾਪਤ ਖੁਦਕੁਸ਼ੀ)।

ਹਾਲਾਂਕਿ, ਵੈਂਟੀਲੇਸ਼ਨ 'ਤੇ ਨਿਰਭਰ ਹੋਣ ਦਾ ਮਤਲਬ ਹੈ ਕਿ ਤੁਹਾਨੂੰ ਸਾਹ ਲੈਣ ਦੇ ਯੋਗ ਹੋਣ ਲਈ ਇਸ ਸਹਾਇਤਾ ਦੀ ਲੋੜ ਹੈ। ਇਸਦਾ ਮਤਲਬ ਹੈ ਕਿ ਰੁਕਣਾ ਚੁਣਨਾ ਜੀਵਨ-ਨਿਰਭਰ ਇਲਾਜ ਤੋਂ ਇਨਕਾਰ ਹੈ।

ਇਹ ਉਚਿਤ ਹੋ ਸਕਦਾ ਹੈ ਜੇਕਰ:

- ਤੁਹਾਨੂੰ ਲੱਗਦਾ ਹੈ ਕਿ ਵੈਂਟੀਲੇਸ਼ਨ ਹੁਣ ਮਦਦਗਾਰ ਜਾਂ ਆਰਾਮਦਾਇਕ ਨਹੀਂ ਹੈ
- ਇਸ ਕਿਸਮ ਦੀ ਸਹਾਇਤਾ ਤੁਹਾਡੇ ਲਈ ਇੱਕ ਬੋਝ ਬਣ ਗਈ ਹੈ
- ਦੇਖਭਾਲ ਲਈ ਤੁਹਾਡੀਆਂ ਤਰਜੀਹਾਂ ਬਦਲ ਗਈਆਂ ਹਨ।

i ਜਾਣਕਾਰੀ ਸ਼ੀਟ ਵੇਖੋ: 8C ਇਸ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਲਈ ਦੇਖੋ **MND ਨਾਲ ਵੈਂਟੀਲੇਸ਼ਨ** ਤੋਂ **ਹਟਾਇਆ ਜਾਣਾ।**

## ਜੇ ਮੈਂ ਵੈਂਟੀਲੇਸ਼ਨ ਦੀ ਵਰਤੋਂ ਬੰਦ ਕਰ ਦਿੰਦਾ/ਦੀ ਹਾਂ ਤਾਂ ਕੀ ਹੁੰਦਾ ਹੈ?

ਜੇਕਰ ਤੁਸੀਂ ਵੈਂਟੀਲੇਸ਼ਨ ਪਾਰਟ-ਟਾਈਮ ਵਰਤਦੇ ਹੋ, ਤਾਂ ਤੁਸੀਂ ਮਸ਼ੀਨ ਨੂੰ ਵਾਪਸ ਨਾ ਲਗਾਉਣ ਦੀ ਚੋਣ ਕਰ ਸਕਦੇ ਹੋ। ਤੁਹਾਡਾ ਸਾਹ ਕਮਜ਼ੋਰ ਹੋਣ 'ਤੇ ਤੁਹਾਨੂੰ ਸਹਾਇਤਾ ਦਿੱਤੀ ਜਾਵੇਗੀ।

ਜੇਕਰ ਤੁਸੀਂ ਪੂਰੀ ਤਰ੍ਹਾਂ ਨਿਰਭਰ ਹੋ ਅਤੇ ਇਸ ਤੋਂ ਬਿਨਾਂ ਸਾਹ ਨਹੀਂ ਲੈ ਸਕਦੇ, ਤਾਂ ਵੈਂਟੀਲੇਸ਼ਨ ਨੂੰ ਰੋਕਣਾ ਇੱਕ ਵਧੇਰੇ ਗੰਭੀਰ ਫੈਸਲਾ ਹੈ। ਇਹ ਫੈਸਲਾ, ਅੱਗੇ ਕੀ ਹੋਵੇਗਾ ਇਸ ਦੀ ਪੂਰੀ ਸਮਝ ਨਾਲ ਲਿਆ ਜਾਣਾ ਚਾਹੀਦਾ ਹੈ, ਕਿਉਂਕਿ ਇਹ ਤੁਹਾਡੀ ਜ਼ਿੰਦਗੀ ਲਈ ਇੱਕ ਮਹੱਤਵਪੂਰਨ ਜੋਖਮ ਪੈਦਾ ਕਰੇਗਾ। ਇਸ ਸਥਿਤੀ ਵਿੱਚ, (ਵੈਂਟੀਲੇਸ਼ਨ) ਹਟਾਇਆ ਜਾਣਾ ਆਮ ਤੌਰ 'ਤੇ ਥੋੜ੍ਹੇ ਸਮੇਂ ਵਿੱਚ ਮੌਤ ਵੱਲ ਲੈ ਜਾਂਦਾ ਹੈ।

ਤੁਹਾਨੂੰ ਤੁਹਾਡੀ ਸਾਹ ਪ੍ਰਣਾਲੀ ਜਾਂ ਪੈਲੀਏਟਿਵ ਦੇਖਭਾਲ ਟੀਮ ਦੁਆਰਾ ਇਸ ਬਾਰੇ ਸਹਾਇਤਾ ਦਿੱਤੀ ਜਾਵੇਗੀ। ਉਹ ਇਹ ਯਕੀਨੀ ਬਣਾਉਣਗੇ:

- ਤੁਹਾਡੇ ਲੱਛਣਾਂ ਨੂੰ ਚੰਗੀ ਤਰ੍ਹਾਂ ਪ੍ਰਬੰਧਿਤ ਕੀਤਾ ਗਿਆ ਹੈ, ਜਿਸ ਵਿੱਚ ਸਾਹ ਚੜ੍ਹਨ ਅਤੇ ਚਿੰਤਾ ਤੋਂ ਰਾਹਤ ਪਾਉਣ ਲਈ ਦਵਾਈ ਸ਼ਾਮਲ ਹੈ
- ਤੁਹਾਡੇ ਪਰਿਵਾਰ ਜਾਂ ਦੇਖਭਾਲਕਰਤਾਵਾਂ ਨੂੰ (ਵੈਂਟੀਲੇਸ਼ਨ) ਹਟਾਏ ਜਾਣ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਸਹਾਇਤਾ ਦਿੱਤੀ ਜਾਂਦੀ ਹੈ।

## ਮੈਨੂੰ ਪਹਿਲਾਂ ਤੋਂ ਯੋਜਨਾ ਕਿਉਂ ਬਣਾਉਣ ਦੀ **ਲੋੜ ਹੈ?**

MND ਨਾਲ ਭਵਿੱਖ ਦੀ ਦੇਖਭਾਲ ਬਾਰੇ ਸੋਚਣਾ ਭਾਵਨਾਤਮਕ ਹੋ ਸਕਦਾ ਹੈ ਅਤੇ ਤੁਸੀਂ ਅਜੇ ਤਿਆਰ ਮਹਿਸੂਸ ਨਹੀਂ ਕਰ ਸਕਦੇ ਹੋ। ਹਾਲਾਂਕਿ, ਇਹ ਮਦਦ ਕਰਦਾ ਹੈ ਜੇਕਰ ਤੁਹਾਡੇ ਨਜ਼ਦੀਕੀ ਲੋਕ ਇਲਾਜ ਅਤੇ ਦੇਖਭਾਲ ਲਈ ਤੁਹਾਡੀਆਂ ਇੱਛਾਵਾਂ ਨੂੰ ਜਾਣਦੇ ਹਨ, ਜੇਕਰ ਤੁਸੀਂ ਫੈਸਲੇ ਲੈਣ ਦੇ ਯੋਗ ਨਹੀਂ ਹੋ ਜਾਂਦੇ। ਇਸ ਤਰੀਕੇ ਨਾਲ ਯੋਜਨਾਬੰਦੀ ਤੁਹਾਨੂੰ ਨਿਯੰਤਰਣ ਦੀ ਭਾਵਨਾ ਮਹਿਸੂਸ ਕਰਨ ਵਿੱਚ ਵੀ ਮਦਦ ਕਰ ਸਕਦੀ ਹੈ। ਤੁਸੀਂ ਇਨ੍ਹਾਂ ਬਾਰੇ ਚਰਚਾ ਕਰਨਾ ਚਾਹ ਸਕਦੇ ਹੋ:

- MND ਨਾਲ ਬਾਅਦ ਵਿੱਚ ਕੀ ਹੋਣ ਦੀ ਸੰਭਾਵਨਾ ਹੈ ਅਤੇ ਜੀਵਨ ਦੇ ਅੰਤ ਦੀ ਦੇਖਭਾਲ ਬਾਰੇ ਤੁਹਾਡੀਆਂ ਚੋਣਾਂ
- ਉਪਚਾਰਾਂ ਬਾਰੇ ਤੁਹਾਡੇ ਵਿਚਾਰ ਜੋ ਜੀਵਨ ਨੂੰ ਵਧਾ ਸਕਦੇ ਹਨ, ਜਿਵੇਂ ਕਿ ਵੈਂਟੀਲੇਸ਼ਨ ਅਤੇ ਟਿਊਬ ਫੀਡਿੰਗ
- ਕੀ ਤੁਸੀਂ ਖਾਸ ਸਥਿਤੀਆਂ ਵਿੱਚ ਜੀਵਨ-ਨਿਰਭਰ ਇਲਾਜ ਹਟਾਇਆ ਜਾਣਾ ਚਾਹੋਗੇ, ਜਿਵੇਂ ਕਿ ਵੈਂਟੀਲੇਸ਼ਨ
- ਜੇ ਤੁਸੀਂ ਫੈਸਲੇ ਲੈਣ ਲਈ ਬਹੁਤ ਬਿਮਾਰ ਹੋ ਜਾਂਦੇ ਹੋ ਤਾਂ ਤੁਸੀਂ ਕੀ ਕੀਤਾ ਜਾਣਾ ਚਾਹੋਗੇ।

ਭਾਵਨਾਤਮਕ ਚਰਚਾਵਾਂ ਅਤੇ ਹਰੇਕ ਫੈਸਲੇ ਨੂੰ ਕਦਮ-ਦਰ-ਕਦਮ ਲਓ। ਇੱਕ ਭਰੋਸੇਮੰਦ ਪੇਸ਼ੇਵਰ, ਜਿਵੇਂ ਕਿ ਉਪਚਾਰਕ

ਦੇਖਭਾਲ ਵਿੱਚ ਇੱਕ ਮਾਹਰ, ਤੁਹਾਨੂੰ ਦੂਜਿਆਂ ਲਈ ਮਾਰਗਦਰਸ਼ਨ ਰਿਕਾਰਡ ਕਰਨ ਅਤੇ ਤੁਹਾਡੀਆਂ ਇੱਛਾਵਾਂ ਬਾਰੇ ਪਰਿਵਾਰਕ ਗੱਲਬਾਤ ਨੂੰ ਸੁਵਿਧਾਜਨਕ ਬਣਾਉਣ ਵਿੱਚ ਮਦਦ ਕਰ ਸਕਦਾ ਹੈ। ਜਿੰਨੀ ਜਲਦੀ ਤੁਸੀਂ ਇਹ ਕਰੋਗੇ, ਓਨਾ ਹੀ ਜ਼ਿਆਦਾ ਸਮਾਂ ਤੁਹਾਡੇ ਕੋਲ ਸੂਚਿਤ ਫੈਸਲੇ ਲੈਣ ਅਤੇ ਆਪਣੇ ਅਜ਼ੀਜ਼ਾਂ ਨੂੰ ਵਧੇਰੇ ਤਿਆਰ ਮਹਿਸੂਸ ਕਰਨ ਵਿੱਚ ਮਦਦ ਕਰਨ ਲਈ ਹੋਵੇਗਾ।

## ਮੈਂ ਆਪਣੀਆਂ ਇੱਛਾਵਾਂ ਨੂੰ ਕਿਵੇਂ ਰਿਕਾਰਡ ਕਰ ਸਕਦਾ/ਦੀ ਹਾਂ?

ਜੇਕਰ ਤੁਸੀਂ ਆਪਣੀ ਭਵਿੱਖੀ ਦੇਖਭਾਲ ਬਾਰੇ ਮਾਰਗਦਰਸ਼ਨ ਰਿਕਾਰਡ ਕਰਦੇ ਹੋ, ਤਾਂ ਇਸਦੀ ਵਰਤੋਂ ਸਿਰਫ਼ ਤਾਂ ਹੀ ਕੀਤੀ ਜਾਂਦੀ ਹੈ ਜੇਕਰ ਤੁਸੀਂ ਆਪਣੇ ਲਈ ਫੈਸਲੇ ਲੈਣ ਦੇ ਅਯੋਗ ਹੋ ਜਾਂਦੇ ਹੋ। ਤੁਸੀਂ ਕਿਸੇ ਵੀ ਸਮੇਂ ਕਿਸੇ ਵੀ ਵੇਰਵਿਆਂ ਦੀ ਸਮੀਖਿਆ ਕਰ ਸਕਦੇ ਹੋ ਜਾਂ ਬਦਲ ਸਕਦੇ ਹੋ।

ਆਪਣੀਆਂ ਜ਼ਰੂਰਤਾਂ, ਇੱਛਾਵਾਂ ਅਤੇ ਪਸੰਦਾਂ ਨੂੰ ਰਿਕਾਰਡ ਕਰਨ ਦੇ ਬਹੁਤ ਸਾਰੇ ਤਰੀਕੇ ਹਨ, ਪਰ ਅੱਗੇ ਦੀ ਯੋਜਨਾ ਬਣਾਉਣ ਵਿੱਚ ਮਦਦ ਕਰਨ ਲਈ ਅਕਸਰ ਹੇਠ ਲਿਖਿਆਂ ਦੀ ਵਰਤੋਂ ਕੀਤੀ ਜਾਂਦੀ ਹੈ:

### ਅਗਾਊਂ ਦੇਖਭਾਲ ਯੋਜਨਾ

ਤੁਹਾਡੀ ਭਵਿੱਖੀ ਦੇਖਭਾਲ ਪ੍ਰਦਾਨ ਕਰਦੇ ਸਮੇਂ ਦੂਜਿਆਂ ਲਈ ਆਮ ਮਾਰਗਦਰਸ਼ਨ।

### ਇਲਾਜ ਤੋਂ ਇਨਕਾਰ ਕਰਨ ਦਾ ਅਗਾਊਂ ਫੈਸਲਾ (ADRT)

ਜਦੋਂ ਸਹੀ ਢੰਗ ਨਾਲ ਪੂਰਾ ਹੋ ਜਾਂਦਾ ਹੈ, ਤਾਂ ਇਹ ਕਾਨੂੰਨੀ ਤੌਰ 'ਤੇ ਬੰਧਨਕਾਰੀ ਦਸਤਾਵੇਜ਼ ਤੁਹਾਨੂੰ ਇਲਾਜਾਂ ਤੋਂ ਇਨਕਾਰ ਕਰਨ ਜਾਂ ਹੱਟ ਜਾਣ ਦਿੰਦਾ ਹੈ, ਜਿਸ ਵਿੱਚ ਜੀਵਨ-ਨਿਰਭਰ ਵਿਕਲਪ ਜਿਵੇਂ ਕਿ ਵੈਂਟੀਲੇਸ਼ਨ ਸ਼ਾਮਲ ਹੈ।

### ਪਾਵਰ ਆਫ਼ ਅਟਾਰਨੀ

ਇਹ ਇੱਕ ਕਾਨੂੰਨੀ ਪ੍ਰਬੰਧ ਹੈ ਜਿੱਥੇ ਤੁਸੀਂ ਆਪਣੀ ਤਰਫੋਂ ਫੈਸਲੇ ਲੈਣ ਲਈ ਕਿਸੇ ਭਰੋਸੇਮੰਦ ਵਿਅਕਤੀ ਨੂੰ ਨਿਯੁਕਤ ਕਰਦੇ ਹੋ। ਇਹ ਕਿਵੇਂ ਕੀਤਾ ਜਾਂਦਾ ਹੈ ਯੂਕੇ ਵਿੱਚ ਦੇਸ਼ਾਂ ਵਿਚਕਾਰ ਵੱਖ-ਵੱਖ ਹੁੰਦਾ ਹੈ।

ਆਪਣੀਆਂ ਇੱਛਾਵਾਂ ਅਤੇ MND ਚੇਤਾਵਨੀਆਂ ਨੂੰ ਰਿਕਾਰਡ ਕਰਨ ਬਾਰੇ ਹੋਰ ਜਾਣਕਾਰੀ ਲਈ, ਵੇਖੋ:

- ਜਾਣਕਾਰੀ ਸ਼ੀਟ: **14A - ਇਲਾਜ ਤੋਂ ਇਨਕਾਰ ਕਰਨ ਦਾ ਅਗਾਊਂ ਫੈਸਲਾ ਅਤੇ ਅਗਾਊਂ ਦੇਖਭਾਲ ਯੋਜਨਾਬੰਦੀ**
- ਸਾਡੀ ਗਾਈਡ: **ਜੀਵਨ ਦੇ ਅੰਤਲੇ ਸਮੇਂ ਦੀ ਦੇਖਭਾਲ।**

## ਕੀ ਹੋਵੇਗਾ ਜੇਕਰ ਮੈਂ ਵੈਂਟੀਲੇਸ਼ਨ ਜਾਰੀ ਰੱਖਣਾ ਚਾਹੁੰਦਾ/ਦੀ ਹਾਂ?

ਤੁਸੀਂ ਵੈਂਟੀਲੇਸ਼ਨ ਜਾਰੀ ਰੱਖਣਾ ਚਾਹ ਸਕਦੇ ਹੋ, ਭਾਵੇਂ ਤੁਹਾਡੀਆਂ ਦੇਖਭਾਲ ਦੀਆਂ ਜ਼ਰੂਰਤਾਂ ਗੁੰਝਲਦਾਰ ਹੋ ਜਾਣ। ਇਹ ਤੁਹਾਡਾ ਹੱਕ ਹੈ।

ਹਾਲਾਂਕਿ, ਜਿਵੇਂ-ਜਿਵੇਂ ਤੁਹਾਡਾ ਸਾਹ ਕਮਜ਼ੋਰ ਹੁੰਦਾ ਜਾ ਰਿਹਾ ਹੈ, ਵੈਂਟੀਲੇਸ਼ਨ ਹੁਣ ਪ੍ਰਭਾਵਸ਼ਾਲੀ ਨਹੀਂ ਰਹਿ ਸਕਦੀ। ਜੇਕਰ ਤੁਸੀਂ ਬਾਅਦ ਵਿੱਚ ਫੈਸਲੇ ਲੈਣ ਵਿੱਚ ਅਸਮਰੱਥ ਹੋ ਅਤੇ ਤੁਹਾਡੀ ਟੀਮ ਦਾ ਮੰਨਣਾ ਹੈ ਕਿ ਵੈਂਟੀਲੇਸ਼ਨ ਹੁਣ ਮਦਦ ਨਹੀਂ ਕਰ ਰਹੀ ਜਾਂ ਪਰੇਸ਼ਾਨੀ ਦਾ ਕਾਰਨ ਬਣ ਰਹੀ ਹੈ, ਤਾਂ ਤੁਹਾਡੀਆਂ ਦਰਜ ਕੀਤੀਆਂ ਇੱਛਾਵਾਂ ਉਨ੍ਹਾਂ ਦੇ ਫੈਸਲਿਆਂ ਨੂੰ ਸੇਧ ਦੇ ਸਕਦੀਆਂ ਹਨ।

ਤੁਹਾਡੀ ਦੇਖਭਾਲ ਟੀਮ ਹਮੇਸ਼ਾ ਇਹ ਕਰਨ ਦੀ ਕੋਸ਼ਿਸ਼ ਕਰੇਗੀ:

– ਤੁਹਾਡੇ ਸਭ ਤੋਂ ਵਧੀਆ ਹਿੱਤਾਂ ਵਿੱਚ ਕੰਮ ਕਰਨਾ ਅਤੇ ਉਨ੍ਹਾਂ ਲੋਕਾਂ ਨਾਲ ਸਲਾਹ ਕਰਨਾ ਜੋ ਤੁਹਾਡੀਆਂ ਤਰਜੀਹਾਂ ਨੂੰ ਜਾਣਦੇ ਹਨ, ਜਿਵੇਂ ਕਿ ਤੁਹਾਡੇ ਪਰਿਵਾਰ ਦੇ ਮੈਂਬਰ, ਦੋਸਤ ਜਾਂ ਦੇਖਭਾਲਕਰਤਾ
– ਯਕੀਨੀ ਬਣਾਉਣਾ ਕਿ ਤੁਹਾਨੂੰ ਆਰਾਮਦਾਇਕ ਰੱਖਿਆ ਗਿਆ ਹੈ, ਭਾਵੇਂ ਕੁਝ ਵੀ ਹੋਵੇ।

ਜ਼ਿਆਦਾਤਰ ਮਾਮਲਿਆਂ ਵਿੱਚ, ਸਹੀ ਦੇਖਭਾਲ ਅਤੇ ਸਹਾਇਤਾ ਨਾਲ ਵੈਂਟੀਲੇਸ਼ਨ ਨਾਲ ਜੀਵਨ ਦਾ ਅੰਤ ਸ਼ਾਂਤੀਪੂਰਨ ਹੁੰਦਾ ਹੈ।

ਜੇਕਰ ਤੁਹਾਨੂੰ ਬੋਲਣ ਜਾਂ ਸੰਚਾਰ ਵਿੱਚ ਮੁਸ਼ਕਲਾਂ ਹਨ ਅਤੇ ਤੁਹਾਨੂੰ ਤੁਰੰਤ ਮਦਦ ਦੀ ਲੋੜ ਹੈ, ਤਾਂ ਤੁਸੀਂ ਜਾਂ ਤੁਹਾਡਾ ਦੇਖਭਾਲਕਰਤਾ ਕਾਲ ਕਰਨ ਦੀ ਬਜਾਏ ਟੈਕਸਟ ਦੁਆਰਾ ਐਮਰਜੈਂਸੀ ਸੇਵਾਵਾਂ ਨਾਲ ਸੰਪਰਕ ਕਰ ਸਕਦੇ ਹੋ। ਆਪਣੇ ਸਮਾਰਟਫੋਨ, ਟੈਬਲੇਟ ਜਾਂ ਪੀਸੀ 'ਤੇ ਰੀਲੇਅ ਯੂਕੇ (Relay UK ) ਐਪ ਡਾਉਨਲੋਡ ਕਰੋ, ਜਾਂ ਟੈਕਸਟਫੋਨ ਦੀ ਵਰਤੋਂ ਕਰਕੇ ਕਾਲ ਕਰੋ। ਸੇਵਾ ਬਾਰੇ ਹੋਰ ਜਾਣਕਾਰੀ ਲਈ, ਵੇਖੋ: **relayuk.bt.com**

## 7. ਮੈਂ ਹੋਰ ਜਾਣਕਾਰੀ ਕਿਵੇਂ ਪਤਾ ਕਰਾਂ?

### ਲਾਭਕਾਰੀ ਸੰਸਥਾਵਾਂ

ਅਸੀਂ ਸੰਗਠਨਾਂ ਦਾ ਸਮਰਥਨ ਨਹੀਂ ਕਰ ਸਕਦੇ, ਪਰ ਹੇਠ ਲਿਖੀਆਂ ਗੱਲਾਂ ਤੁਹਾਨੂੰ ਹੋਰ ਜਾਣਕਾਰੀ ਲੱਭਣ ਵਿੱਚ ਮਦਦ ਕਰ ਸਕਦੀਆਂ ਹਨ। ਸਾਡੀ MND ਕਨੈਕਟ ਹੈਲਪਲਾਈਨ ਤੁਹਾਨੂੰ ਸੰਗਠਨਾਂ ਨੂੰ ਲੱਭਣ ਵਿੱਚ ਮਦਦ ਕਰ ਸਕਦੀ ਹੈ। ਇਸ ਭਾਗ ਵਿੱਚ ਬਾਅਦ ਵਿੱਚ, ਇਸ ਸਿਰਲੇਖ ਹੇਠ ਸੰਪਰਕ ਵੇਰਵੇ ਵੇਖੋ: ਸਾਡਾ ਸਮਰਥਨ।

**ਸਰਕਾਰੀ ਜਾਣਕਾਰੀ**
ਲਾਭਾਂ ਅਤੇ ਸਹਾਇਤਾ ਬਾਰੇ ਔਨਲਾਈਨ ਸਰਕਾਰੀ ਜਾਣਕਾਰੀ।
ਵੈੱਬਸਾਈਟ: **gov.uk** (ਇੰਗਲੈਂਡ ਅਤੇ ਵੇਲਜ਼)
**nidirect.gov.uk** (ਉੱਤਰੀ ਆਇਰਲੈਂਡ)
**gov.scot** (ਸਕਾਟਲੈਂਡ)

**ਹੈਲਥ ਐਂਡ ਕੇਅਰ ਪ੍ਰੋਫੈਸ਼ਨ ਕੌਂਸਲ (HCPC)**
ਯੋਗ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਲੱਭਣ ਲਈ ਉਨ੍ਹਾਂ ਦੇ ਰਜਿਸਟਰ ਦੀ ਜਾਂਚ ਕਰੋ।
ਟੈਲੀਫ਼ੋਨ: 0300 500 6184
ਵੈੱਬਸਾਈਟ: **hcpc-uk.org**

**MND ਸਕਾਟਲੈਂਡ**
ਸਕਾਟਲੈਂਡ ਵਿੱਚ MND ਤੋਂ ਪ੍ਰਭਾਵਿਤ ਲੋਕਾਂ ਲਈ ਦੇਖਭਾਲ, ਜਾਣਕਾਰੀ ਅਤੇ ਖੋਜ ਲਈ ਫੰਡਿੰਗ।
ਟੈਲੀਫ਼ੋਨ: 0141 332 3903
ਈਮੇਲ: info@mndscotland.org.uk
ਵੈੱਬਸਾਈਟ: **mndscotland.org.uk**

**myBreathing**
MND ਨਾਲ NIV ਬਾਰੇ ਔਨਲਾਈਨ ਸਰੋਤ, ਵਰਤੋਂਕਾਰ ਵੀਡੀਓਜ਼ ਦੇ ਨਾਲ।
ਵੈੱਬਸਾਈਟ: **mybreathing.mymnd.org.uk**

**ਨੈਸ਼ਨਲ ਇੰਸਟੀਚਿਊਟ ਫਾਰ ਹੈਲਥ ਐਂਡ ਕੇਅਰ ਐਕਸੀਲੈਂਸ (NICE)**

MND ਦੇਖਭਾਲ ਬਾਰੇ ਪੇਸ਼ੇਵਰ ਸਿਫ਼ਾਰਸ਼ਾਂ ਲਈ ਗਾਈਡਲਾਈਨ NG42 ਵੇਖੋ।
ਟੈਲੀਫ਼ੋਨ: 0300 323 0140
ਈਮੇਲ: nice@nice.org.uk
ਵੈੱਬਸਾਈਟ: **nice.org.uk**

**NHS ਅਤੇ UK ਹੈਲਥਕੇਅਰ**
ਪੂਰੇ UK ਵਿੱਚ NHS ਸੇਵਾਵਾਂ ਅਤੇ ਸਿਹਤ ਸੰਭਾਲ ਬਾਰੇ ਜਾਣਕਾਰੀ।
ਵੈੱਬਸਾਈਟ: **nhs.uk**

ਟੈਲੀਫ਼ੋਨ: 111 (ਇੰਗਲੈਂਡ ਵਿੱਚ ਜ਼ਰੂਰੀ ਡਾਕਟਰੀ ਸਲਾਹ ਲਈ, 24/7 ਉਪਲਬਧ)

ਵੈੱਬਸਾਈਟ: **111.nhs.uk** ਇੰਗਲੈਂਡ ਲਈ

ਟੈਲੀਫ਼ੋਨ: 111 (ਵੇਲਜ਼ ਵਿੱਚ ਜ਼ਰੂਰੀ ਡਾਕਟਰੀ ਸਲਾਹ ਲਈ, 24/7 ਉਪਲਬਧ)

ਵੈੱਬਸਾਈਟ: **wales.nhs.uk** (ਵੇਲਜ਼ ਲਈ)

ਟੈਲੀਫ਼ੋਨ: ਵੈੱਬਸਾਈਟ ਸੰਪਰਕ ਪੰਨੇ 'ਤੇ ਉੱਤਰੀ ਆਇਰਲੈਂਡ ਵਿਚਲੇ ਵਿਅਕਤੀਗਤ ਟਰੱਸਟਾਂ ਨੂੰ ਲੱਭੋ

ਵੈੱਬਸਾਈਟ: **hscni.net** (ਉੱਤਰੀ ਆਇਰਲੈਂਡ ਲਈ)

ਟੈਲੀਫ਼ੋਨ: 111 (ਜ਼ਰੂਰੀ ਡਾਕਟਰੀ ਸਲਾਹ ਲਈ, 24/7 ਉਪਲਬਧ)

ਵੈੱਬਸਾਈਟ: **nhs24.scot** (ਸਕਾਟਲੈਂਡ ਲਈ)

**ਰੀਲੇਅ ਯੂਕੇ (Relay UK)**
ਬੋਲਣ ਅਤੇ ਸੰਚਾਰ ਮੁਸ਼ਕਲਾਂ ਵਾਲੇ ਲੋਕਾਂ ਲਈ ਟੈਕਸਟ ਸੇਵਾ।
ਵੈੱਬਸਾਈਟ: **relayuk.bt.com**

## ਮਾਨਤਾਵਾਂ

ਆਪਣੇ ਅਨੁਭਵ ਸਾਂਝੇ ਕਰਨ ਲਈ ਸਾਡੇ ਯੂਜ਼ਰ ਸਮੀਖਿਆ ਸਮੂਹ ਦਾ ਧੰਨਵਾਦ।

ਇਸ ਜਾਣਕਾਰੀ ਸ਼ੀਟ ਦੇ ਵਿਕਾਸ ਜਾਂ ਸੋਧ ਦੌਰਾਨ ਉਨ੍ਹਾਂ ਦੀ ਦਿਆਲੂ ਸਮੀਖਿਆ ਲਈ ਹੇਠ ਲਿਖਿਆਂ ਦਾ ਵੀ ਧੰਨਵਾਦ:

**ਐਲੀਸਨ ਆਰਮਸਟ੍ਰਾਂਗ (Alison Armstrong)** ਨਰਸ ਕਨਸਲਟੈਂਟ, ਨੌਰਥ-ਈਸਟ ਅਸਿਸਟਡ ਵੈਂਟੀਲੇਸ਼ਨ ਸਰਵਿਸ, ਨਿਊਕੈਸਲ ਅਪੋਨ ਟਾਈਨ ਹਾਸਪਿਟਲ NHS ਫ਼ਾਊਂਡੇਸ਼ਨ ਟਰੱਸਟ

**ਕ੍ਰਿਸਟੀਨਾ ਫੌਲ (Christina Faull)** ਪੈਲੀਏਟਿਵ ਮੈਡੀਸਨ ਕਨਸਲਟੈਂਟ, LOROS, ਲਿਸੈਸਟਰ

**ਚਾਰਲੀ ਹਾਰਡੇਕਰ (Charlie Hardaker)** ਰੈਸਪੀਰੇਟਰੀ ਫਿਜ਼ੀਓਥੈਰੇਪਿਸਟ ਅਤੇ ਸਹਿ-ਲੀਡ, ਹੋਮ ਵੈਂਟੀਲੇਸ਼ਨ ਸੇਵਾ, ਯੂਨੀਵਰਸਿਟੀ ਹਸਪਤਾਲ ਬ੍ਰਿਸਟਲ ਅਤੇ ਵੈਸਟਨ NHS ਟਰੱਸਟ।

**ਮਾਰਟਿਨ ਲੈਥਮ (Martin Latham)** ਸਪੈਸ਼ਲਿਸਟ ਨਰਸ, ਸਲੀਪ ਸਰਵਿਸ, ਸੇਂਟ ਜੇਮਜ਼ ਹੋਸਪਿਟਲ, ਲੀਡਜ਼

**ਐਂਡਰੀਆ ਮੈਰੀਸਨ (Andria Merrison)** ਨਿਊਰੋਮਸਕੁਲਰ ਬਿਮਾਰੀ ਵਿੱਚ ਵਿਸ਼ੇਸ਼ੱਗ ਦਿਲਚਸਪੀ ਨਾਲ ਕਨਸਲਟੈਂਟ ਨਿਊਰੋਲੋਜਿਸਟ ਡਾਇਰੈਕਟਰ ਬ੍ਰਿਸਟਲ MND ਕੇਅਰ ਸੈਂਟਰ

**ਬੇਨ ਮੇਸਰ (Ben Messer)** ਕ੍ਰਿਟਿਕਲ ਕੇਅਰ ਐਂਡ ਹੋਮ ਵੈਂਟੀਲੇਸ਼ਨ (ਗੰਭੀਰ ਦੇਖਭਾਲ ਅਤੇ ਘਰੇਲੂ ਵੈਂਟੀਲੇਸ਼ਨ) ਵਿੱਚ ਕਨਸਲਟੈਂਟ, ਨਿਊਕੈਸਲ ਅਪੋਨ ਟਾਈਨ ਹਾਸਪਿਟਲ NHS ਫ਼ਾਊਂਡੇਸ਼ਨ ਟਰੱਸਟ

**ਡਾ. ਨਵੀਦ ਮੁਸਤਫਾ (Dr Naveed Mustfa)** ਕੰਸਲਟੈਂਟ ਰੈਸਪੀਰੇਟਰੀ ਮੈਡੀਸਨ, ਯੂਨੀਵਰਸਿਟੀ ਹਸਪਤਾਲ ਆਫ਼ ਨੌਰਥ ਮਿਡਲੈਂਡਜ਼।

**ਜੋਨਾਥਨ ਪਾਮਰ (Jonathan Palmer)** ਡੋਮੀਸੀਲਰੀ ਵੈਂਟੀਲੇਸ਼ਨ ਵਿੱਚ ਨਰਸ ਸਲਾਹਕਾਰ, ਯੂਨੀਵਰਸਿਟੀ ਹਸਪਤਾਲ ਪਲਾਈਮਾਊਥ NHS ਟਰੱਸਟ।

## ਹਵਾਲੇ

ਇਸ ਸਰੋਤ ਦੇ ਸਮਰਥਨ ਲਈ ਵਰਤੇ ਗਏ ਹਵਾਲੇ ਬੇਨਤੀ ਕਰਨ 'ਤੇ ਉਪਲਬਧ ਹਨ:

ਈਮੇਲ: **infofeedback@mndassociation.org**

ਜਾਂ ਇਸ ਪਤੇ 'ਤੇ ਲਿਖੋ:
Information feedback,
Motor Neurone Disease Association,
Francis Crick House,
6 Summerhouse Road,
Moulton Park,
Northampton, NN3 6BJ

## ਹੋਰ ਜਾਣਕਾਰੀ

ਅਸੀਂ MND ਅਤੇ Kennedy's ਬਿਮਾਰੀ ਬਾਰੇ ਜਾਣਕਾਰੀ ਦੀ ਵਿਸ਼ਾਲ ਸ਼੍ਰੇਣੀ ਪੇਸ਼ ਕਰਦੇ ਹਾਂ। ਤੁਹਾਨੂੰ ਇਸ ਸ਼ੀਟ ਨਾਲ ਸਬੰਧਤ, ਹੇਠਾਂ ਦਿੱਤੇ ਸਰੋਤ ਮਦਦਗਾਰ ਲੱਗ ਸਕਦੇ ਹਨ।

### ਜਾਣਕਾਰੀ ਸ਼ੀਟਾਂ

1A ਮੋਟਰ ਨਿਊਰੋਨ ਬਿਮਾਰੀ ਬਾਰੇ NICE ਦਿਸ਼ਾ-ਨਿਰਦੇਸ਼
3D ਹੋਸਪਿਸ ਅਤੇ ਪੈਲੀਏਟਿਵ ਕੇਅਰ
7A ਨਿਗਲਣ ਸਬੰਧੀ ਮੁਸ਼ਕਲਾਂ
7B ਟਿਊਬ ਰਾਹੀਂ ਭੋਜਨ ਦੇਣਾ
7C ਬੋਲੀ ਅਤੇ ਸੰਚਾਰ ਸਹਾਇਤਾ
8A ਸਾਹ ਦੀਆਂ ਸਮੱਸਿਆਵਾਂ ਲਈ ਸਹਾਇਤਾ
8C MND ਨਾਲ ਵੈਂਟੀਲੇਸ਼ਨ ਨੂੰ ਬੰਦ ਕਰਨਾ
8D ਮੋਟਰ ਨਿਊਰੋਨ ਬਿਮਾਰੀ ਲਈ ਹਵਾਈ ਸਫਰ ਅਤੇ ਵੈਂਟੀਲੇਸ਼ਨ
10A ਲਾਭ ਅਤੇ ਹੱਕ
10B ਸਮਾਜਿਕ ਦੇਖਭਾਲ ਕੀ ਹੈ?
10D NHS ਨਿਰੰਤਰ ਸਿਹਤ ਸੰਭਾਲ
10E ਕੰਮ ਅਤੇ MND
10F ਨਿੱਜੀ ਸਿਹਤ ਬਜਟ
10G ਬੱਚਿਆਂ ਵਾਲੇ ਪਰਿਵਾਰਾਂ ਲਈ ਸਹਾਇਤਾ
14A ਇਲਾਜ ਤੋਂ ਇਨਕਾਰ ਕਰਨ ਦਾ ਅਗਾਊਂ ਫੈਸਲਾ (ADRT) ਅਤੇ ਅਗਾਊਂ ਦੇਖਭਾਲ ਯੋਜਨਾਬੰਦੀ

### ਕਿਤਾਬਚੇ

ਦੇਖਭਾਲ ਅਤੇ MND - ਫੌਰੀ ਗਾਈਡ
ਤੁਹਾਡੀ ਆਪਣੀ ਦੇਖਭਾਲ ਤੋਂ ਕਿਸ ਗੱਲ ਦੀ ਆਸ ਕਰਨੀ ਚਾਹੀਦੀ ਹੈ
ਘੁੰਮਣਾ-ਫਿਰਨਾ
ਮੇਰੀਆਂ ਲੋੜਾਂ ਨੂੰ ਸਮਝਣਾ

### ਵੱਡੀਆਂ ਗਾਈਡਾਂ

MND ਨਾਲ ਜਿਓਣਾ
ਦੇਖਭਾਲ ਅਤੇ MND - ਤੁਹਾਡੇ ਲਈ ਸਹਾਇਤਾ
ਜ਼ਿੰਦਗੀ ਦੀ ਸਮਾਪਤੀ: ਮੋਟਰ ਨਿਊਰੋਨ ਬਿਮਾਰੀ ਤੋਂ ਪ੍ਰਭਾਵਿਤ ਲੋਕਾਂ ਲਈ ਸੇਧ

### ਲਿੰਕ

ਲੋੜ ਅਨੁਸਾਰ ਜਾਣਕਾਰੀ ਲਈ ਇੱਥੇ ਖੋਜ ਕਰੋ: **mndassociation.org/careinfofinder**

ਪੇਸ਼ੇਵਰਾਂ ਲਈ ਜਾਣਕਾਰੀ ਇੱਥੇ ਲੱਭੋ: **mndassociation.org/professionals**

ਸਾਡੀ ਜਾਣਕਾਰੀ ਇੱਥੇ ਡਾਊਨਲੋਡ ਕਰੋ: **mndassociation.org/publications**

ਹੋਰ ਭਾਸ਼ਾਵਾਂ ਵਿੱਚ ਮਿਲਣ ਵਾਲੀ ਜਾਣਕਾਰੀ ਇੱਥੇ ਲੱਭੋ: **mndassociation.org/languages**

ਸਾਡੀ MND ਕਨੈਕਟ ਹੈਲਪਲਾਈਨ ਤੋਂ ਪ੍ਰਿੰਟ ਕੀਤੀਆਂ ਕਾਪੀਆਂ ਆਰਡਰ ਕਰੋ (ਅੱਗੇ ਸਾਡੀ ਸਹਾਇਤਾ ਦੇਖੋ)।

## ਸਾਡਾ ਸਮਰਥਨ

ਹਰ ਰੋਜ਼ ਅਸੀਂ ਮੋਟਰ ਨਿਊਰੋਨ ਬਿਮਾਰੀ ਤੋਂ ਪ੍ਰਭਾਵਿਤ ਲੋਕਾਂ ਦਾ ਸਮਰਥਨ ਕਰਦੇ ਹਾਂ, ਬਿਹਤਰ ਦੇਖਭਾਲ ਲਈ ਮੁਹਿੰਮ ਚਲਾਉਂਦੇ ਹਾਂ ਅਤੇ ਨਵੀਂ ਖੋਜ ਲਈ ਫੰਡ ਦਿੰਦੇ ਹਾਂ। ਕਿਉਂਕਿ MND ਨਾਲ, ਹਰ ਦਿਨ ਮਾਇਨੇ ਰੱਖਦਾ ਹੈ।

ਅਸੀਂ ਕੇਨੇਡੀ'ਜ਼ ਡਿਜ਼ੀਜ਼ ਤੋਂ ਪ੍ਰਭਾਵਿਤ ਲੋਕਾਂ ਦਾ ਵੀ ਸਮਰਥਨ ਕਰਦੇ ਹਾਂ।

**MND ਕਨੈਕਟ**
ਸਾਡੀ ਹੈਲਪਲਾਈਨ MND ਵਾਲੇ ਲੋਕਾਂ, ਦੇਖਭਾਲਕਰਤਾਵਾਂ, ਪਰਿਵਾਰਾਂ ਅਤੇ ਪੇਸ਼ੇਵਰਾਂ ਨੂੰ ਵਿਹਾਰਕ ਅਤੇ ਭਾਵਨਾਤਮਕ ਸਹਾਇਤਾ, ਜਾਣਕਾਰੀ ਅਤੇ ਸਾਈਨਪੋਸਟਿੰਗ ਪ੍ਰਦਾਨ ਕਰਦੀ ਹੈ। ਹੋਰ ਜਾਣਕਾਰੀ ਅਤੇ ਮੌਜੂਦਾ ਖੁੱਲ੍ਹਣ ਦੇ ਸਮਿਆਂ ਬਾਰੇ ਇੱਥੇ ਜਾਣੋ: **mndassociation.org/mndconnect**
ਟੈਲੀਫ਼ੋਨ: 0808 802 6262
ਈਮੇਲ: mndconnect@mndassociation.org

**ਸਹਾਇਤਾ ਸੇਵਾਵਾਂ**
ਸਾਡੀਆਂ ਸਹਾਇਤਾ ਸੇਵਾਵਾਂ ਬਾਰੇ ਇੱਥੇ ਪਤਾ ਕਰੋ: **mndassociation.org/our-services**

**ਸਥਾਨਕ ਅਤੇ ਖੇਤਰੀ ਸਹਾਇਤਾ**
ਸਾਡੀਆਂ ਸ਼ਾਖਾਵਾਂ ਅਤੇ ਸਮੂਹਾਂ ਬਾਰੇ ਇੱਥੇ ਪਤਾ ਕਰੋ: **mndassociation.org/local-support**

**MND ਐਸੋਸੀਏਸ਼ਨ ਲਾਭਾਂ ਸੰਬੰਧੀ ਸਲਾਹ ਸੇਵਾ**
ਦਾਅਵਿਆਂ ਦੀ ਪਛਾਣ ਕਰਨ ਅਤੇ ਅਰਜ਼ੀ ਕਿਵੇਂ ਦੇਣੀ ਹੈ, ਇਸ ਵਿੱਚ ਮਦਦ ਲਈ, ਇੱਥੇ ਦੇਖੋ: **mndassociation.org/benefitsadvice** ਜਾਂ ਸਾਡੀ MND ਕਨੈਕਟ ਹੈਲਪਲਾਈਨ 'ਤੇ ਕਾਲ ਕਰੋ।
ਟੈਲੀਫ਼ੋਨ: 0808 802 6262

**MND ਐਸੋਸੀਏਸ਼ਨ ਦੀ ਵੈੱਬਸਾਈਟ ਅਤੇ ਔਨਲਾਈਨ ਫੋਰਮ**
ਵੈੱਬਸਾਈਟ: **mndassociation.org**
ਔਨਲਾਈਨ ਫੋਰਮ: **forum.mndassociation.org**

# ਅਸੀਂ ਤੁਹਾਡੇ ਵਿਚਾਰਾਂ ਦਾ ਸੁਆਗਤ ਕਰਦੇ ਹਾਂ

ਅਸੀਂ ਇਹ ਜਾਣਨਾ ਪਸੰਦ ਕਰਾਂਗੇ ਕਿ ਤੁਸੀਂ ਬਾਰੇ ਕੀ ਸੋਚਦੇ ਹੋ ਕਿ ਅਸੀਂ ਕਿਹੜਾ ਕੰਮ ਵਧੀਆ ਕਰ ਰਹੇ ਹਾਂ ਅਤੇ ਅਸੀਂ MND, ਜਾਂ ਕੈਨੇਡੀ'ਜ਼ ਡਿਸੀਜ਼ ਤੋਂ ਪੀੜਤ ਜਾਂ ਪ੍ਰਭਾਵਿਤ ਲੋਕਾਂ ਲਈ ਸਾਡੀ ਜਾਣਕਾਰੀ ਨੂੰ ਕਿੱਥੇ ਸੁਧਾਰ ਸਕਦੇ ਹਾਂ।

ਤੁਹਾਡੀਆਂ ਅਗਿਆਤ ਟਿੱਪਣੀਆਂ ਦੀ ਵਰਤੋਂ ਸਾਡੇ ਸਰੋਤਾਂ, ਮੁਹਿੰਮਾਂ ਅਤੇ ਫੰਡਿੰਗ ਲਈ ਐਪਲੀਕੇਸ਼ਨਾਂ ਵਿੱਚ ਜਾਗਰੂਕਤਾ ਅਤੇ ਪ੍ਰਭਾਵ ਵਧਾਉਣ ਲਈ ਵੀ ਕੀਤੀ ਜਾ ਸਕਦੀ ਹੈ।

ਇਸ ਜਾਂ ਸਾਡੀ ਕਿਸੇ ਵੀ ਜਾਣਕਾਰੀ ਸ਼ੀਟਾਂ 'ਤੇ ਫੀਡਬੈਕ ਦੇਣ ਲਈ, ਸਾਡੇ ਔਨਲਾਈਨ ਫਾਰਮ ਤੱਕ ਇੱਥੇ ਪਹੁੰਚੋ:
**smartsurvey.co.uk/s/infosheets_1-25**

ਤੁਸੀਂ ਫਾਰਮ ਦੇ ਕਾਗਜ਼ੀ ਸੰਸਕਰਣ ਦੀ ਬੇਨਤੀ ਕਰ ਸਕਦੇ ਹੋ ਜਾਂ ਈਮੇਲ ਦੁਆਰਾ ਸਿੱਧਾ ਫੀਡਬੈਕ ਦੇ ਸਕਦੇ ਹੋ:
**infofeedback@mndassociation.org**

ਜਾਂ ਇਸ ਪਤੇ 'ਤੇ ਲਿਖੋ:
Information feedback
Motor Neurone Disease Association
Francis Crick House,
6 Summerhouse Road,
Moulton Park
Northampton, NN3 6BJ

## ਕੀ ਤੁਸੀਂ ਸਾਡੀ ਜਾਣਕਾਰੀ ਦੀ ਵਰਤੋਂਕਾਰ ਸਮੀਖਿਆ ਵਿੱਚ ਮਦਦ ਕਰਨਾ ਚਾਹੋਗੇ?

ਜੇਕਰ ਤੁਸੀਂ MND ਜਾਂ ਕੇਨੇਡੀ'ਜ਼ ਡਿਜ਼ੀਜ਼ ਨਾਲ ਜੀਅ ਰਹੇ ਹੋ, ਜਾਂ ਤੁਸੀਂ ਇੱਕ ਦੇਖਭਾਲਕਰਤਾ ਹੋ, ਤਾਂ ਸਾਡੇ ਨਾਲ ਇੱਥੇ ਸੰਪਰਕ ਕਰੋ: **infofeedback@mndassociation.org**

**© MND Association, 2026**

Motor Neurone Disease Association
Francis Crick House,
6 Summerhouse Road,
Moulton Park
Northampton, NN3 6BJ

ਟੈਲੀਫ਼ੋਨ: 01604 250505
ਈਮੇਲ: enquiries@mndassociation.org
ਵੈੱਬਸਾਈਟ: mndassociation.org

ਰਜਿਸਟਰਡ ਚੈਰਿਟੀ ਨੰਬਰ 294354

ਸਮੀਖਿਆ: ਜਨਵਰੀ 2026
ਅਗਲੀ ਸਮੀਖਿਆ: ਸਤੰਬਰ 2029
ਸੰਸਕਰਣ: 1